੧ੳ ਵਾਹਿਗੁਰੂ ਜੀ ਕੀ ਫ਼ਤਹਿ

# ਸੂਰਾ

ਮਾਸਿ

Sura M

March-April 2002

ਸੂਰਾ॥

ਪੱਤਰ

onal.com

ਤਖ਼ਤ ਕਰਾ


ਫਿਲਾਸਫ਼ੀ 3
8
12
16
19




## ਪੀਵਹੁ ਪਾਹੁਲ ਖੰਡਧਾਰ
## ਹੋਇ ਜਨਮੁ ਸੁਹੇਲਾ

www.AKJ.org



ਕੌਮ ਨੂੰ ਲਲਕਾਰ-ਖ਼ਾਲਸਾ ਬਹਾਦਰੋ ! ਕੌਮ ਨੂੰ ਜਗਾ ਦਿਓ, ਉਠੋ ਕੁਰਬਾਨੀਆਂ ਨੂੰ ਚਾਰ ਚੰਨ ਲਾ ਦਿਓ।

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

# ਸੂਰਾ

ਮਾਸਿਕ ਪੱਤਰ

ਅਖੰਡ ਕੀਰਤਨੀ ਜੱਥੇ ਵੱਲੋਂ ਨਿਰੋਲ ਗੁਰਮਤਿ ਮਾਸਿਕ ਪੱਤਰ

**Read SURA at internet: www.surainternational.com**

ਜਿਲਦ 36 ਮਾਰਚ-ਅਪ੍ਰੈਲ 2002 ਅੰਕ 3

## ਗੁਰਪੁਰਬ ਅਤੇ ਇਤਿਹਾਸਕ ਦਿਹਾੜੇ

| | |
|---|---|
| ਗੁਰਿਆਈ ਪਾ: 7 | 10 ਅਪ੍ਰੈਲ |
| ਵਿਸਾਖੀ | 13 ਅਪ੍ਰੈਲ |
| ਗੁਰਿਆਈ ਪਾ: 3 | 13 ਅਪ੍ਰੈਲ |
| ਜੋਤੀ ਜੋਤਿ ਪਾ: 2 | 16 ਅਪ੍ਰੈਲ |
| ਜੋਤੀ ਜੋਤਿ ਪਾ: 6 | 18 ਅਪ੍ਰੈਲ |
| ਜੋਤੀ ਜੋਤਿ ਪਾ: 8 | 25 ਅਪ੍ਰੈਲ |
| ਗੁਰਿਆਈ ਪਾ: 9 | 25 ਅਪ੍ਰੈਲ |

## ਚੰਦਿਆਂ ਦਾ ਵੇਰਵਾ

| | |
|---|---|
| ਦੇਸ਼ (ਸਲਾਨਾ) | 50 ਰੁ: |
| ਅਮਾਨਤੀ ਲਾਈਫ ਮੈਂਬਰ | 500 ਰੁ: |
| ਵਿਦੇਸ਼ | ਹਵਾਈ ਡਾਕ |
| ਸਲਾਨਾ | 500 ਰੁ: |
| ਅਮਾਨਤੀ ਲਾਈਫ ਮੈਂਬਰ | 5000 ਰੁ: |

ਚੰਦਾ ਭੇਜਣ ਦਾ ਪਤਾ

ਸੂਰਾ ਮਾਸਿਕ ਪੱਤਰ

ਹੈੱਡ ਕੁਆਰਟਰ: ਅਖੰਡ ਕੀਰਤਨੀ ਜੱਥਾ

ਸ਼ਹੀਦ ਗੰਜ ਖ਼ਾਲਸਾ ਮੈਮੋਰੀਅਲ ਸਕੂਲ, ਰੇਲਵੇ ਕਲੋਨੀ, ਬੀ-ਬਲਾਕ, ਅੰਮ੍ਰਿਤਸਰ-143 001 ਫੋਨ: 0183-546320

## ਤਤਕਰਾ


| | |
|---|---|
| ਗੁਰਮਤਿ ਅਧਿਆਤਮ ਕਰਮ ਫਿਲਾਸਫੀ | 3 |
| ਰੰਗ ਰਤੜੇ ਬਾਉ ਮੱਲ ਸਿੰਘ ਜੀ | 8 |
| Kutha | 12 |
| ਗੁਰੂ ਸਾਹਿਬ ਦਾ ਪਾਉਂਟਾ ਵਿਖੇ ਨਿਵਾਸ | 16 |
| ਕੀ ਤੁਸੀਂ ਜਾਣਦੇ ਹੋ? | 19 |
| ਸੁਖਮਨੀ ਦਾ ਨਿਵਾਸ | 20 |
| ਹਨੇਰ ਸਾਈਂ ਦਾ | 24 |
| ਵਿਸਾਖੀ ਦੀ ਵੰਗਾਰ | 26 |
| ਰਹਿਤ ਮਰਯਾਦਾ ਖ਼ਾਲਸੇ ਕੀ | 28 |
| ਯੁੱਗ ਸਿਰਜਕ | 33 |


'ਸੂਰਾ' ਮਾਸਿਕ ਪੱਤਰ, ਪੰਜਾਬ ਸਰਕਾਰ ਦੇ ਪੱਤਰ ਨੰਬਰ 370-68-4/ਅ ਪ ਮਿਤੀ 17-10-68 ਨਾਲ ਸਕੂਲ ਲਾਇਬ੍ਰੇਰੀਆਂ ਅਤੇ ਸਮਾਜਿਕ ਸਿੱਖਿਆ ਕੇਂਦਰਾਂ ਲਈ ਪ੍ਰਵਾਨ ਕੀਤਾ ਗਿਆ।

ਸੂਰਾ ਪੱਤਰ ਵਿਚ ਛਪੇ ਵਿਚਾਰਾਂ ਨਾਲ ਸੂਰਾ ਪਰਿਵਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਸੰਪਾਦਕ, ਪ੍ਰਿੰਟਰ ਅਤੇ ਪਬਲਿਸ਼ਰ ਬਲਦੇਵ ਸਿੰਘ ਵੱਲੋਂ ਐਸਕਾਰਟ ਪ੍ਰੈਸ, ਗੰਗਾ ਬਿਲਡਿੰਗ, ਨੇੜੇ ਪੁਤਲੀਘਰ, ਅੰਮ੍ਰਿਤਸਰ ਤੋਂ ਛਪਵਾ ਕੇ ਸ਼ਹੀਦ ਗੰਜ ਖਾਲਸਾ ਮੈਮੋਰੀਅਲ ਸਕੂਲ, ਰੇਲਵੇ ਕਲੋਨੀ, ਬੀ-ਬਲਾਕ, ਅੰਮ੍ਰਿਤਸਰ, ਹੈੱਡਕੁਆਰਟਰ ਅਖੰਡ ਕੀਰਤਨੀ ਜੱਥੇ ਤੋਂ ਜਾਰੀ ਕੀਤਾ।



www.AKJ.Org

# ਵੈਸਾਖ

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ॥
ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ॥
ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ॥
ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ॥
ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ॥
ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ॥
ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ॥
ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ॥
ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ॥

ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਮਾਝ ਰਾਗ ਵਿਚ ਬਾਰਹ ਮਾਹਾ ਦੁਆਰਾ ਵੈਸਾਖ ਦੇ ਮਹੀਨੇ ਵਿਚ ਇਸ ਤਰ੍ਹਾਂ ਕਥਨ ਕਰਦੇ ਹਨ, ਉਨ੍ਹਾਂ ਵਿਛੜਿਆਂ ਹੋਇਆਂ ਨੂੰ ਕਿਵੇਂ ਧੀਰਜ ਹੋ ਸਕਦਾ ਹੈ, ਜਿਨ੍ਹਾਂ ਨੂੰ ਵਾਹਿਗੁਰੂ ਦੇ ਪ੍ਰੇਮ ਦਾ ਵਿਛੋੜਾ ਹੋ ਰਿਹਾ ਹੈ ਯਥਾ:-

*"ਧੁਖਾਂ ਜਿਉ ਮਾਂਲੀਹ ਕਾਰਣਿ ਤਿੰਨ੍ਹਾ ਮਾ ਪਿਰੀ॥੮੨॥"* *(ਸਲੋਕ ਸ਼ੇਖ ਫਰੀਦ ਜੀ, ਪੰਨਾ-੧੩੮੨)*

ਜਿਸ ਤਰ੍ਹਾਂ ਚਕਵੀ ਵਾਸਤੇ ਅਨੇਕਾਂ ਚੰਦ ਚੜ੍ਹ ਜਾਣ ਅਤੇ ਚਕੋਰ ਵਾਸਤੇ ਅਨੇਕਾਂ ਸੂਰਜ ਚੜ੍ਹ ਜਾਣ, ਪਰ ਉਨ੍ਹਾਂ ਨੂੰ ਆਪਣੇ ਪਿਆਰੇ ਤੋਂ ਬਿਨ੍ਹਾਂ ਕਿਸੇ ਪ੍ਰਕਾਰ ਵੀ ਧੀਰਜ ਨਹੀਂ ਆਉਂਦੀ। ਏਸੇ ਤਰ੍ਹਾਂ ਪ੍ਰੇਮੀ ਜਗਿਆਸੂਆਂ ਨੂੰ ਵੀ ਮਾਇਆ ਦੀ ਪ੍ਰਾਪਤੀ ਹੋਣ ਰੂਪ ਚੰਦ ਚੜ੍ਹ ਜਾਵੇ, ਜਸ ਹੋਣ ਰੂਪ ਸੂਰਜ ਚੜ੍ਹ ਪਵੇ, ਅੰਨ੍ਹੇ ਅੱਗੇ ਕਰੋੜਾਂ ਦੀਵੇ ਬਾਲਣ ਵਾਂਗ ਉਹਨਾਂ ਨੂੰ ਅਨੇਕਾਂ ਬੇਦ-ਸ਼ਾਸਤ੍ਰਾਂ ਦਾ ਗਿਆਨ ਵੀ ਕਿਉਂ ਨਾ ਭਾਵੇਂ ਕਥਨ ਕਰਕੇ ਸੁਣਾਇਆ ਜਾਵੇ, ਪਰ ਉਹਨਾਂ ਨੂੰ ਫਿਰ ਵੀ ਧੀਰਜ ਨਹੀਂ ਆਉਂਦੀ, ਉਹ ਤਾਂ ਆਪਣੇ ਪਿਆਰੇ ਦੇ ਮਿਲਾਪ ਤੋਂ ਬਗੈਰ ਇਉਂ ਜਾਣਦੇ ਹਨ:-

*"ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥੨॥"* *(ਆਸਾ ਦੀ ਵਾਰ, ਮਹਲਾ ੨, ਪੰਨਾ-੪੬੩)*

ਹਰੀ ਜੋ ਸੱਜਣ ਪੁਰਖ ਹੈ, ਉਸਨੂੰ ਭੁਲਾ ਕੇ ਛਲ ਰੂਪ ਮਾਇਆ ਵਿਚ ਬੁੱਧੀ ਲੱਗੀ ਹੈ। ਪੁੱਤਰ, ਇਸਤਰੀ ਆਦਿਕ ਕਿਸੇ ਸਬੰਧੀ ਅਤੇ ਧਨ ਨੇ ਜੀਵ ਦੇ ਨਾਲ ਪ੍ਰਲੋਕ ਵਿਚ ਨਹੀਂ ਜਾਣਾ। ਉਸ ਅਬਿਨਾਸੀ ਹਰੀ ਨੇ ਹੀ ਜੀਵ ਦੀ ਸਹਾਇਤਾ ਕਰਨੀ ਹੈ। ਯਥਾ:-

*"ਜਿਥੈ ਪੁਤ੍ਰੁ ਕਲਤ੍ਰੁ ਨ ਬੇਲੀ ਕੋਈ ਤਿਥੈ ਹਰਿ ਆਪਿ ਛਡਾਇਦਾ॥੧੧॥"* *(ਮਾਰੂ ਮਹਲਾ ੫, ਪੰਨਾ-੧੦੭੬)*

ਇਹ ਸਾਰੀ ਸ੍ਰਿਸ਼ਟੀ ਮੋਹ ਕਰਕੇ ਝੂਠੇ ਸਬੰਧੀਆਂ, ਝੂਠੇ ਪਦਾਰਥਾਂ ਅਤੇ ਧੰਦਿਆਂ ਵਿਚ ਫਸ-ਫਸ (ਪਰਚ-ਪਰਚ) ਕੇ ਮਰ ਰਹੀ ਹੈ। ਯਥਾ:-

*"ਘਰ ਕਾ ਕਾਜੁ ਨ ਜਾਣੀ ਰੂੜਾ॥ ਝੂਠੈ ਧੰਧੈ ਰਚਿਓ ਮੂੜਾ॥੧॥"* *(ਸੂਹੀ ਮਹਲਾ ੫, ਪੰਨਾ-੭੪੪)*

ਇਕ ਹਰੀ ਦੇ ਨਾਮ ਤੋਂ ਬਿਨਾਂ ਹੋਰ ਸਾਰੇ ਸਕਾਮ ਕਰਮ-ਧਰਮ ਪ੍ਰਲੋਕ ਵਿਚ ਜਮ ਇਸ ਜੀਵ ਪਾਸੋਂ ਖੋਹ ਲੈਂਦੇ ਹਨ:

*"ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥*
*ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥੧॥"* *(ਸੂਹੀ ਮਹਲਾ ੫, ਪੰਨਾ-੭੪੭)*

ਜਿਸਨੇ ਉਸ (ਦਯੁ ਵਿਸਾਰ) ਪ੍ਰੇਰਕ ਪ੍ਰਮਾਤਮਾ ਨੂੰ ਵਿਸਾਰਿਆ ਹੈ, ਉਹ ਖਰਾਬ ਹੁੰਦਾ ਹੈ, ਪ੍ਰਭੂ ਤੋਂ ਬਿਨਾਂ ਜੀਵ ਦੀ ਸਹਾਇਤਾ ਹੋਰ ਕੋਈ ਨਹੀਂ ਕਰ ਸਕਦਾ। ਪ੍ਰਮਾਤਮਾ ਦੇ ਚਰਨੀ ਜਿਹੜੇ ਮਨੁੱਖ ਲੱਗੇ ਹਨ, ਉਹਨਾਂ ਦੀ ਉੱਜਲ ਸ਼ੋਭਾ ਹੁੰਦੀ ਹੈ। ਗੁਰੂ ਜੀ ਕਥਨ ਕਰਦੇ ਹਨ, ਹੇ ਪ੍ਰਭੂ! ਮੈਂ ਦਾਸ ਦੀ ਬੇਨਤੀ ਹੈ ਕਿ ਆਪ ਜੀ ਮੈਨੂੰ ਮਿਲਣਾ ਕਰੋ ਤਾਂ ਕਿ ਮੈਂ ਪਤਿ-ਅਪਤਿ ਤੋਂ ਪਰੇ ਹੋ ਜਾਵਾਂ।

ਵੈਸਾਖ ਦਾ ਮਹੀਨਾ ਤਾਂ ਹੀ ਸ਼ੋਭਨੀਕ ਲੱਗਦਾ ਹੈ, ਜੇ ਉਸ ਹਰੀ ਦੇ ਨਾਮ ਰਸੀਏ, ਪੂਰਨ ਸੰਤ ਮਿਲ ਜਾਣ, ਜਿਨ੍ਹਾਂ ਨੂੰ ਆਪ ਦਾ ਨਾਮ ਕਦੇ ਨਾ ਭੁੱਲਾ ਹੋਵੇ।

*"ਜਿਨ੍ਹਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥੧॥"* *(ਗਉੜੀ ਕੀ ਵਾਰ, ਮਹਲਾ ੫, ਪੰਨਾ- ੩੧੯)*

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥



www.AKJ.Org

# ਗੁਰਮਤਿ ਅਧਿਆਤਮ ਕਰਮ ਫ਼ਿਲਾਸਫੀ

*-ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*

*(ਲੜੀ ਜੋੜਨ ਲਈ ਪਿਛਲੇ ਅੰਕ ਪੜ੍ਹੋ)*

ਅਗਲੇ ਗੁਰ ਪ੍ਰਮਾਣ ਅੰਦਰਿ ਇਹ ਦਰਸਾਇਆ ਜਾਂਦਾ ਹੈ ਕਿ ਵਾਹਿਗੁਰੂ ਦੀ ਭਗਤੀ ਰੂਪੀ ਸਿਫ਼ਤਿ ਸਾਲਾਹਿ ਸੱਚੇ ਕਰਮ ਬਿਨਾਂ, ਨਿਜ ਕੁਟੰਬ ਖ਼ੇਸ਼ ਸੰਬੰਧੀਆਂ ਦੀ ਮੋਹ ਮਮਤਾ ਵਾਲੇ ਸੁਆਰਥੀ ਕੰਮ ਖੇਤੀਬਾੜੀ ਬਣਜ ਆਦਿਕ ਦੇ ਵਾਪਾਰੀ ਵਿਹਾਰ ਕਰਮ ਧਰਮ ਵੇਦ ਆਦਿ ਸਭ ਬੰਧਨ ਹਨ। ਗੁਰਮਤਿ ਨਾਮੁ ਸਿਮਰਨ ਮਈ ਸਤਿਗੁਰ ਸੇਵਾ ਰੂਪੀ ਸੱਚਾ ਕਰਮ ਸਭ ਆਨਮਤ ਕਰਮਾਂ ਅਤੇ ਧੰਧਾਂ ਬੰਧਾਂ ਤੋਂ ਸੁਖਦਾਈ ਅਤੇ ਸ੍ਰੇਸ਼ਟ ਹੈ ਅਤੇ ਸਰਬੋਤਮ ਵਿਲੱਖਣੀ ਕਰਮ ਇਕੋ ਇਕ ਕਰਨ ਜੋਗ ਕਰਮ ਹੈ। ਯਥਾ:

*ਗੁਰੁ ਸੇਵੇ ਸੋ ਠਾਕੁਰ ਜਾਨੈ॥*
*ਦੂਖੁ ਮਿਟੈ ਸਚੁ ਸਬਦਿ ਪਛਾਨੈ॥੧॥*
*ਰਾਮੁ ਜਪਹੁ ਮੇਰੀ ਸਖੀ ਸਖੈਨੀ॥*
*ਸਤਿਗੁਰੁ ਸੇਵਿ ਦੇਖਹੁ ਪ੍ਰਭੁ ਨੈਨੀ॥੧॥ ਰਹਾਉ॥*
*ਬੰਧਨ ਮਾਤ ਪਿਤਾ ਸੰਸਾਰਿ॥*
*ਬੰਧਨ ਸੁਤ ਕੰਨਿਆ ਅਰੁ ਨਾਰਿ॥੨॥*
*ਬੰਧਨ ਕਰਮ ਧਰਮ ਹਉ ਕੀਆ॥*
*ਬੰਧਨ ਪੁਤੁ ਕਲਤੁ ਮਨਿ ਬੀਆ॥੩॥*
*ਬੰਧਨ ਕਿਰਖੀ ਕਰਹਿ ਕਿਰਸਾਨ॥*
*ਹਉਮੈ ਡੰਨੁ ਸਹੈ ਰਾਜਾ ਮੰਗੈ ਦਾਨ॥੪॥*
*ਬੰਧਨ ਸਉਦਾ ਅਣ ਵੀਚਾਰੀ॥*
*ਤਿਪਤਿ ਨਾਹੀ ਮਾਇਆ ਮੋਹ ਪਸਾਰੀ॥੫॥*
*ਬੰਧਨ ਸਾਹ ਸੰਚਹਿ ਧਨੁ ਜਾਇ॥*
*ਬਿਨੁ ਹਰਿ ਭਗਤਿ ਨ ਪਵਈ ਥਾਇ॥੬॥*
*ਬੰਧਨ ਬੇਦੁ ਬਾਦੁ ਅਹੰਕਾਰ॥*
*ਬੰਧਨਿ ਬਿਨਸੈ ਮੋਹ ਵਿਕਾਰ॥੭॥*
*ਨਾਨਕ ਰਾਮ ਨਾਮ ਸਰਣਾਈ॥*
*ਸਤਿਗੁਰਿ ਰਾਖੇ ਬੰਧੁ ਨ ਪਾਈ॥੮॥੧੦॥*

*(ਆਸਾ ਮ: ੧, ਇਕ ਤੁਕੀ ਪੰਨਾ ੪੧੬)*

ਵਿਆਖਿਆ:- ਗੁਰਮਤਿ ਨਾਮ ਸਿਮਰਨ ਮਈ ਸਤਿਗੁਰ ਦੀ ਸੇਵਾ ਦੁਆਰਾ ਵਾਹਿਗੁਰੂ ਦਾ ਦਰਸਮਈ ਸਾਪੇਖਸ਼ੀ ਗਿਆਨ ਹੁੰਦਾ ਹੈ, ਪਰਤੱਖ ਦਰਸ਼ਨ ਗੁਰੂ ਦੇ ਹੋਣ ਨਾਲ ਹੀ ਵਾਹਿਗੁਰੂ ਨੂੰ ਸੱਚੀ ਜਾਨਣੀ ਜਾਣਿਆ ਜਾਂਦਾ ਹੈ। ਵਾਹਿਗੁਰੂ ਦਰਸ਼ਨ ਦਾ ਹੀ ਨਾਮ ਤੱਤ ਅਰਥਾਂ ਵਿਚਿ ਗਿਆਨ ਹੈ। ਸ਼ਬਦ (ਨਾਮੁ ਗੁਰਮੰਤਰ) ਦੀ ਕਮਾਈ ਦੁਆਰਾ ਵਾਹਿਗੁਰੂ ਰੂਪੀ ਸਚੁ ਨੂੰ, ਭਾਵ ਸੱਚੇ ਵਾਹਿਗੁਰੂ ਨੂੰ ਪਛਾਣਿਆ ਜਾਂਦਾ ਹੈ। ਨਹੀਂ ਤਾਂ ਆਨਮਤ ਗਿਆਨੀਆਂ ਧਿਆਨੀਆਂ ਨੂੰ ਵਾਹਿਗੁਰੂ ਦੀ ਸਤਿ ਕਰਕੇ ਪਛਾਣ ਹੀ ਨਹੀਂ ਆਉਂਦੀ। ਵਾਹਿਗੁਰੂ ਦੀ ਸੱਚ ਪ੍ਰਾਪਤੀ ਵਾਲੀ ਜਾਣ-ਪਛਾਣ ਕੇਵਲ ਗੁਰਸ਼ਬਦਿ ਗੁਰਮਤਿ ਨਾਮ ਦੀ ਕਮਾਈ ਕੀਤਿਆਂ ਹੀ ਆਉਂਦੀ ਹੈ। ਨਹੀਂ ਤਾਂ ਆਨਮਤ ਕਰਮਾਂ ਦੇ ਕਮਾਉਣ ਵਾਲੇ ਉੱਕਾ ਹੀ ਧੋਖਾ ਖਾ ਜਾਂਦੇ ਹਨ। ਉਹ ਵਾਹਿਗੁਰੂ ਦੇ ਸਰੂਪ ਸੱਚੀ ਜਾਣ ਪਛਾਣ ਖੁਣੋਂ ਖਾਲੀ ਹੀ ਰਹਿੰਦੇ ਹਨ। ਵਾਹਿਗੁਰੂ ਦੇ ਸਰੂਪ ਗਿਆਨ ਦੇ ਮਨ-ਉਕਤ ਅਨੁਮਾਨ ਤੇ ਲਖਣ ਹੀ ਲਾਉਂਦੇ ਹਨ। ਕਿਉਂਕਿ ਪਰਤੱਖ ਦਰਸ਼ਨ ਉਨ੍ਹਾਂ ਨੂੰ ਨਸੀਬ ਨਹੀਂ ਹੁੰਦੇ। ਪਰਤੱਖ ਦਰਸ਼ਨਾਂ ਬਾਝੋਂ ਜਾਣ-ਪਛਾਣ ਕੈਸੀ? ਸਭ ਊਣੀ ਅਤੇ ਛੋਛੀ ਜਾਣ-ਪਛਾਣ ਹੈ। ਅਤੇ ਇਹ ਪਰਤੱਖ ਦਰਸ਼ਨ ਵਾਹਿਗੁਰੂ ਦੇ ਗੁਰਮਤਿ ਨਾਮ ਅਭਿਆਸ ਦੀ ਅਥਾਹ ਕਮਾਈ ਕੀਤੇ ਬਿਨਾਂ ਹੁੰਦੇ ਨਹੀਂ। ਤਾਂ ਤੇ ਗੁਰੂ ਸੱਚੇ ਪਾਤਸ਼ਾਹ! ਧੰਨ ਗੁਰੂ ਨਾਨਕ! ਧੰਨ ਗੁਰੁ ਨਾਨਕ ਗੁਰਸਿੱਖਾਂ ਪ੍ਰਤੀ ਜ਼ੋਰ ਦੇ ਕੇ ਇਹੀ ਸਿਕਸ਼ਾ ਮਈ ਉਪਦੇਸ਼ ਦ੍ਰਿੜ੍ਹਾਉਂਦੇ ਹਨ ਅਤੇ ਬੜੇ ਪਿਆਰ ਨਾਲ ਗੁਰਸਿੱਖਾਂ ਨੂੰ ਆਪਣਾ ਸਖਾ ਸੈਨ ਕਹਿ ਕੇ ਮੁਖ਼ਾਤਬ ਹੁੰਦੇ ਹਨ। (ਕੈਸਾ ਉੱਚਾ ਪਿਆਰ ਹੈ) ਕਿਤੇ ਮੇਰੀ ਗੁਰਸਿਖੀ ਦੇ ਰਿਸ਼ਤੇ ਵਾਲਿਓ ਗੁਰਸਿਖ ਜਗਿਆਸਨੀ ਸਖੀਓ ਸਹੇਲੀਓ! ਤਦ ਰੂਪ ਹੋ ਕੇ, ਜੁਟ ਕੇ ਨਾਮੁ ਜਪਹੁ, ਪਰ ਨਾਮ ਜਪਹੁ ਸਤਿਗੁਰੂ ਤੋਂ ਦੀਖਿਆ ਗੁਰ-ਮੰਤਰ ਲੈ ਕੇ। ਇਸ ਸਤਿਗੁਰੂ ਦੀ ਦਿੱਤੀ ਮਤਿ ਗੁਰਮਤਿ-ਦੀਖਿਆ ਨੂੰ ਧਾਰ ਕੇ ਜੋ ਸਿਮਰਨ



www.AKJ.Org

ਕਰੋਗੇ, ਇਸ ਸਤਿਗੁਰ ਦੀ ਸਿਮਰਨ-ਦਾਤਿ ਨੂੰ ਸੇਂਵਦੇ ਕਮਾਵੰਦੇ ਹੋਏ ਹੀ ਤੁਸੀਂ ਵਾਹਿਗੁਰੂ ਨੂੰ ਪਰਤੱਖ ਆਪਣੇ ਨੇਤਰਾਂ ਨਾਲਿ ਦੇਖ ਲਵੋਗੇ। ਆਪਣੀ ਨੈਣੀਂ ਹੀ ਵਾਹਿਗੁਰੂ ਦਾ ਸਾਂਗੋ ਪਾਂਗ ਦਰਸ਼ਨ ਦੀਦਾਰ ਕਰਿ ਲਵੋਗੇ। (॥੧॥ ਰਹਾਉ॥)

ਇਸ ਗੁਰਮਤਿ ਤੱਤ ਸਿਮਰਨ ਸੇਵਾ ਤੋਂ ਹੀਣੇ ਬਿਹੂਣੇ ਹੋ ਕੇ ਜੋ ਆਨਮਤਾਂ ਦੇ ਕਰਮਾਂ ਅਨੁਸਾਰੀ ਸੇਵਾ ਕਰਦੇ ਹਨ, ਉਹ ਸਭ ਮਾਯਾਵੀ ਤ੍ਰੈਗੁਣਾਂ ਦੀ ਕਰਮ ਬੰਧਨੀ ਸੇਵਾ ਹੈ। ਬੰਧਨਾਂ ਵਿਚਿ ਪਾਉਣਹਾਰੇ ਹੀ ਸਾਰੇ ਕਰਮ ਹਨ, ਜੇ ਗੁਰਮਤਿ ਨਾਮ ਦੇ ਸੱਚੇ ਕਰਮ ਨੂੰ ਛੱਡੋਗੇ। ਸੰਸਾਰ ਵਿਖੇ ਰਹਿ ਕੇ ਸੰਸਾਰੀ ਮਾਤ-ਪਿਤਾ ਦੀ ਆਗਿਆਕਾਰੀ ਕਰਮ ਕਮਾਵਨ ਮਈ ਸੇਵਾ ਕਰਦੇ ਹਨ, ਸਭ ਬੰਧਨ ਰੂਪ ਹੈ। ਮਾਤਾ ਪਿਤਾ ਦੇ ਮੋਹ ਹੇਤ ਵਿਚ ਪੈ ਕੇ ਮਾਇਆ ਨੂੰ ਖਟ ਕਮਾ ਕੇ ਦੇਣ ਵਾਲੇ ਜਿਤਨੇ ਭੀ ਕੰਮ-ਕਰਮ ਕਮਾਉਂਦੇ ਹਨ ਅਤੇ ਨਾਮ ਨਹੀਂ ਧਿਆਉਂਦੇ, ਸੋ ਬੰਧਨ ਰੂਪੀ ਪੈਖੜ ਹੀ ਪੈਰਾਂ ਵਿਚਿ ਪਾਉਂਦੇ ਹਨ। ਉਹ ਮਾਇਆਵੀ ਮਮਤਾਵੀ ਕਰਮਾਂ ਵਿਚਿ ਹੀ ਖੱਚਤ ਹੋ ਹੋ ਖਪ ਖਪ ਮਰਦੇ ਹਨ। ਸੋ ਅਜਿਹੇ ਮਾਤ ਪਿਤਾ ਮਮਤਾਵੀ ਕਰਮ ਸਭ ਬੰਧਨ ਰੂਪ ਹਨ। ਫੇਰ ਪੁੱਤਰ ਪੁਤਰੀ ਅਤੇ ਨਾਰੀ (ਇਸਤ੍ਰੀ) ਦੀ ਮੋਹ ਮਮਤਾ ਹੈ, ਸੋ ਭੀ ਬੰਧਨ ਰੂਪ ਹੀ ਹੈ। ਕਿਉਂਕਿ ਪ੍ਰਥਮ ਤਾਂ ਉਹ ਪੁੱਤਰ ਕੁਟੰਬ ਨੂੰ ਪਾਲਣ ਪੋਸਣ ਹਿਤ ਖਟੀਆਂ ਕਮਾਈਆਂ ਦੇ ਜੋ ਕਰਮ ਕਰਦਾ ਹੈ ਉਹ ਉਸ ਨੂੰ ਉਹਨਾਂ ਕਰਮਾਂ ਦਾ ਅਤੇ ਜਿਨ੍ਹਾਂ ਨਮਿਤ ਉਹ ਕਰਮ ਕਰਦਾ ਹੈ ਉਨ੍ਹਾਂ ਦਾ ਰੂਪ ਹੀ ਬਣਾ ਲੈਂਦੇ ਹਨ। ਦੂਜੇ ਪੁੱਤਰ ਕਲਿਤਰ (ਪੁੱਤਰ, ਧੀ, ਇਸਤ੍ਰੀ) ਦਾ ਮੋਹ-ਮਮਤਾਵੀ ਹੇਤ ਉਸ ਨੂੰ ਨਿਮਖ ਮਾਤਰ ਭੀ ਪਰਮਾਰਥ ਦੇ ਪਾਸੇ ਆਉਣ ਨਹੀਂ ਦਿੰਦਾ। ਤਾਂ ਤੇ ਪੁਤ ਕੰਨਿਆ ਅਤੇ ਨਾਰੀ ਬੰਧਨ ਹੀ ਹੈ। ਗੁਰਮਤਿ ਨਾਮ ਅਭਿਆਸੀ ਜਨ ਇਸਤ੍ਰੀ ਪੁੱਤਰਾਂ ਪੁਤਰੀਆਂ ਵਿਚਿ ਰਹਿੰਦਾ ਹੋਇਆ ਭੀ ਮੋਹ-ਮਮਤਾ ਤੋਂ ਅਲੇਪ ਰਹਿੰਦਾ ਹੈ, ਕਿਉਂਕਿ ਤਿਨ੍ਹਾਂ ਦੀ ਪ੍ਰਬਾਲ ਰੁਚੀ ਬਿਰਤੀ ਹਰ ਵਕਤ ਹਰ ਛਿਨ ਵਾਹਿਗੁਰੂ ਦੇ ਸਿਮਰਨ ਵਿਚਿ ਹੀ ਰਹਿੰਦੀ ਹੈ। ਤਿਨ੍ਹਾਂ ਨੂੰ ਮੋਹ ਮਮਤਾ ਵਿਆਪਦੀ ਹੀ ਨਹੀਂ। ਪੁੱਤਰ ਕਲੱਤਰ ਦੀ ਪਾਲਣਾ ਪੋਸਣਾ ਮਈ ਚਿੰਤਾ ਤਿਨ੍ਹਾਂ ਨੂੰ ਸਤਾਉਂਦੀ, ਕਿਉਂਕਿ ਉਹ ਮਨ, ਬਚ, ਕਰਮ ਕਰਕੇ ਸਭਨਾਂ ਦਾ ਪਾਲਣ ਪੋਸਣਹਾਰਾ ਸਰਬ ਦਾ ਪ੍ਰਤਿਪਾਲਕ ਮਾਲਕ ਇਕ ਅਕਾਲ ਪੁਰਖ ਨੂੰ ਜਾਣਦੇ ਹਨ। ਹੁਕਮ ਅਨੁਸਾਰ ਘਾਲ ਖਟੀ ਕਮਾਈ ਜੋ ਦਸਾਂ ਨਹੁੰਆਂ ਦੀ ਕਰਦੇ ਹਨ ਉਸ ਵਿਚ ਉਨ੍ਹਾਂ ਦੀ ਹਉਮੈ ਰਾਈ ਮਾਤਰ ਭੀ ਨਹੀਂ ਹੁੰਦੀ। ਆਪਣੇ ਆਪ ਨੂੰ ਖੱਟ ਕਹੇ ਖੁਆਉਣਹਾਰਾ ਉਹ ਸਮਝਦੇ ਹੀ ਨਹੀਂ। ਇਸ ਕਰਕੇ ਨਾ ਉਹ ਖਟਣ ਘਾਲਣ ਵਿਚਿ ਖਚਤ ਹੁੰਦੇ ਹਨ, ਨਾ ਹੀ ਉਹ ਮੋਹ ਕੁਟੰਬੀ ਮਮਤ ਦੇ ਬੰਧਨਾਂ ਵਿਚਿ ਪੈਂਦੇ ਹਨ। ਸਦਾ ਅਲੇਪ ਰਹਿੰਦੇ ਹਨ। ਗੁਰਮਤਿ ਰੂਪੀ ਪਾਰਸ ਕਮਾਈ ਦੇ ਪਰਤਾਪ ਨਾਲਿ ਤਿਨ੍ਹਾਂ ਨੂੰ ਲੇਪ ਹੀ ਨਹੀਂ ਲਗਦਾ। ਬੰਧਨ ਕੋਈ ਵਿਆਪਦਾ ਹੀ ਨਹੀਂ। ਆਨ ਕਰਮਾਰੀ ਸੁਤ ਕੰਨਿਆ ਅਤੇ ਨਾਰੀ ਦੇ ਬੰਧਨਾਂ ਵਿਚਿ ਰਚ-ਪਚ ਕੇ ਖਜਲ ਖੁਆਰ ਹੁੰਦੇ ਰਹਿੰਦੇ ਹਨ। ਤਿਨ੍ਹਾਂ ਦਾ ਉਭਾਰ ਹੋ ਹੀ ਨਹੀਂ ਸਕਦਾ, ਬੜੀ ਤਰਸ ਵਾਲੀ ਦਸ਼ਾ ਹੈ ਇਨ੍ਹਾਂ ਦੀ। ਹਉਮੈਂ ਦੇ ਅਧੀਨ ਹੋ ਕੇ ਜਿਤਨੇ ਭੀ ਕਰਮ ਧਰਮ ਕੀਤੇ ਜਾਂਦੇ ਹਨ ਸੋ ਸਭਿ ਹਉਮੈ ਬੰਧਨੀ ਕਰਮ ਧਰਮ ਹਨ। ਸਾਰੇ ਆਨਮਤ ਕਰਮਾਂ-ਧਰਮਾਂ ਦਾ ਇਹੀ ਹਾਲ ਹੈ। ਉਹ ਸਭੇ ਕਰਮ-ਧਰਮ ਬੰਧਨ ਰੂਪ ਹਨ। ਕਿਉਂਕਿ ਹਉਮੈ ਵਿਚਿ ਲਥ-ਪਥ ਹੋ ਕੇ ਕੀਤੇ ਜਾਂਦੇ ਹਨ। ਆਨਮਤ ਕਰਮ ਧਰਮ ਹਨ ਹੀ ਐਸੇ, ਜਿਨ੍ਹਾਂ ਦੇ ਕੀਤਿਆਂ ਹਉਮੈ ਹੀ ਹਉਮੈ ਉਪਜਦੀ ਹੈ। ਅਹੰਬੰਧਨੀ ਬੰਧਨ ਸਗੋਂ ਹੋਰ ਵਧੇਰੇ ਵਧ ਜਾਂਦੇ ਹਨ। ਇਹਨਾਂ ਆਨਮਤ ਕਰਮਾਂ ਧਰਮਾਂ ਦੇ ਕੀਤਿਆਂ ਪੁੱਤਰ ਕਲਿਤਰ ਦੇ ਮੋਹ ਮਮਤਾਵੀ ਬੰਧਨਾਂ ਵਿਚਿ ਪੈ ਕੇ ਮਨ ਅੰਦਰ ਦੂਜੇ ਭਾਵ ਵਾਲੇ ਕਰਮ ਹੀ ਉਹਨਾਂ ਤੋਂ ਹੁੰਦੇ ਹਨ ਅਤੇ ਦੂਜੇ ਭਾਵ ਦੇ ਕੀਤੇ ਕਰਮ ਸਗੋਂ ਹੋਰ ਬੰਧਨ ਰੂਪ ਹੋ ਕੇ ਚਿੰਮੜ ਜਾਂਦੇ ਹਨ, ਕਰਮ ਕਮਾਵਣਹਾਰ ਪ੍ਰਾਨੀ ਨੂੰ ॥੨-੩॥

ਨਾਮ ਕਮਾਈ ਰੂਪੀ ਕਿਰਸਾਣੀ ਤੋਂ ਸਖਣੇ ਕਿਰਸਾਨ ਜੋ ਖੇਤੀ ਕਰਦੇ ਹਨ, ਐਸੀ ਖੇਤੀ ਭੀ ਬੰਧਨ ਰੂਪ ਹੈ, ਕਿਉਂਕਿ ਕਿਰਸਾਨ ਲੋਗ ਨਿਸ ਬਾਸਰ, ਦਿਨੇ ਰਾਤ ਖੇਤੀ ਦੇ ਕਾਰ ਬਿਹਾਰੀ ਕਰਮ ਕਰਨ ਵਿਚ ਹੀ ਹਮਾਤਨ ਖਚਤ ਰਹਿੰਦੇ ਹਨ। ਤਿਨ੍ਹਾਂ ਨੂੰ ਨਿਮਖ ਮਾਤਰ ਭੀ ਪਰਮਾਰਥ ਦਾ ਪਾਸਾ ਯਾਦ ਨਹੀਂ ਰਹਿੰਦਾ। ਲਹੂ ਪਾਣੀ ਇਕ ਕਰਕੇ ਖੇਤੀ ਸਬੰਧੀ ਕਰਮ ਕਰਦੇ ਹਨ। ਇਕ ਨਿਮਖ ਮਾਤਰ ਭੀ ਨਾਮ ਨਹੀਂ ਲੈਂਦੇ ਉਸ ਪ੍ਰਮਾਤਮਾ ਦਾ, ਜਿਸ ਨੇ ਉਹਨਾਂ ਨੂੰ ਪੈਦਾ ਕੀਤਾ ਹੈ। ਖੇਤੀ ਬਹੁਤੀ ਬੰਧਨ ਰੂਪ ਇਸ ਕਰਕੇ ਹੈ ਕਿ ਖੇਤੀ ਕਰਨਹਾਰਿਆਂ ਨੂੰ ਵਕਤ ਦੀ ਰਾਜ-ਹਕੂਮਤ ਦਾ ਹਉਮੈ ਡੰਨ



www.AKJ.Org

ਸਹਿਣਾ ਪੈਂਦਾ ਹੈ। ਜਦੋਂ ਰਾਜ ਕਰਮਚਾਰੀ ਉਸ ਤੋਂ ਜਬਰਨ ਮਾਮਲੇ ਦੀ ਵਸੂਲੀ ਕਰਦੇ ਹਨ॥੪॥

ਗੁਰਮਤਿ ਦੀ ਤਤ ਵੀਚਾਰ ਤੋਂ ਹੀਣੀ ਸਉਦੇਬਾਜ਼ੀ ਸੁਦਾਗਰੀ ਭੀ ਬੰਧਨ ਰੂਪ ਹੈ ਜੋ ਨਿਰਾ ਮਾਇਆਵਾਦੀ ਨਫ਼ਾ ਕਮਾਉਣ ਦੀ ਹਿਰਸ ਵਿਚ ਹੀ ਕੀਤੀ ਕੱਤਰੀ ਜਾਂਦੀ ਹੈ। ਸੱਚੀ ਸੁਦਾਗਰੀ ਅਤੇ ਸੱਚਾ ਸਉਦਾ ਤਾਂ ਨਾਮ ਦੇ ਵਾਪਾਰ ਦਾ, ਨਾਮ ਦੇ ਨਫੇ ਉਪਜਾਉਣ ਵਾਲਾ ਹੈ, ਹੋਰ ਸਭ ਕੁੜਾਵੀਆਂ ਸਉਦੇਬਾਜ਼ੀਆਂ ਹਨ ਜੋ ਨਿਰੀਆਂ ਬੰਧਨ ਰੂਪ ਹੀ ਹਨ, ਕਿਉਂਕਿ ਇਸ ਮਾਇਆ ਦੀ ਸਉਦੇਬਾਜ਼ੀ ਸਉਦਾ ਸੁਦਾਗਰੀ ਵਿਚਿ ਤ੍ਰਿਪਤੀ ਕਿਤੇ ਭੀ ਨਹੀਂ ਅਤੇ ਕਦੇ ਭੀ ਨਹੀਂ। ਇਹ ਸਉਦਾ ਸਭ ਮਾਇਆ ਮੋਹ ਦਾ ਪਸਾਰਾ ਹੀ ਹੈ। ਜਿਤਨੇ ਭੀ ਆਨਮਤ ਕਰਮ ਆਨਮਤੀ ਲੋਗ ਕਮਾਉਂਦੇ ਹਨ, ਸਭ ਤ੍ਰੈਗੁਣੀ ਕਰਮ ਹੀ ਹਨ। ਮਾਇਆ ਮੋਹ ਦੇ ਪਸਾਰੇ ਵਾਲੇ ਕਰਮ ਹੀ ਹਨ। ਕੋਈ ਕਰਮ ਭੀ ਥਾਉਂ ਨਹੀਂ ਪੈਂਦੇ। ਕਿਸੇ ਲੇਖੇ ਨਹੀਂ॥੫-੬॥

ਬਦੇ ਭੀ ਅਤੇ ਬੇਦਾਚਾਰੀ ਕਰਮ ਭੀ ਸਭਿ ਬੰਧਨ ਰੂਪ ਹੀ ਹਨ। ਇਨ੍ਹਾਂ ਦੀ ਬੀਚਾਰ ਭੀ ਬਾਦ ਬਿਬਾਦ ਰੂਪੀ ਹਉਮੈ ਅਹੰਕਾਰ ਵਧਾਉਂਦੀ ਹੈ ਅਤੇ ਤਿਸ ਬਾਦ ਬਿਬਾਦ ਤੋਂ ਖਰੜ ਗਿਆਨ ਹੀ ਹਾਸਲ ਹੁੰਦਾ ਹੈ। ਤੱਤ ਗਿਆਨ ਕਿਨਾਰੇ ਰਹਿ ਜਾਂਦਾ ਹੈ। ਮੋਹ ਵਿਕਾਰੀ ਕਰਮ ਦੇ ਬੰਧਨ ਕਰਕੇ ਕਰਮ ਬੰਧਨੀ ਪ੍ਰਾਣੀ ਦਾ ਨਾਸ ਹੁੰਦਾ ਹੈ। ਨਾਸ ਹੀ ਨਹੀਂ, ਸਤਿਆਨਾਸ ਹੋ ਜਾਂਦਾ ਹੈ। ਕੇਵਲ ਗੁਰਮਤਿ ਨਾਮ ਦੀ ਸ਼ਰਣ ਪਇਆ ਹੋਰ ਬੰਧਨ ਨਹੀਂ ਪੈਂਦੇ। ਜਿਸ ਨੂੰ ਸਤਿਗੁਰੂ ਰਖੇ ਤਿਸ ਨੂੰ ਹੀ ਇਹਨਾਂ ਹਉਮੈ ਬੰਧਨੀ ਕਰਮਾਂ ਦਾ ਬੰਧ (ਬੰਧਣ) ਨਹੀਂ ਪੈਂਦਾ॥੭-੮॥

*ਚਾਰੇ ਕੁੰਡਾ ਢੂਢੀਆ ਕੋ ਨੀਮ੍ਹੀ ਮੈਡਾ॥*<br>*ਜੇ ਤੁਧੁ ਭਾਵੈ ਸਾਹਿਬਾ ਤੂ ਮੈ ਹਉ ਤੈਡਾ॥੧॥*<br>*ਦਰ ਬੀਭਾ ਮੈ ਨੀਮ੍ਹਿ ਕੋ ਕੈ ਕਰੀ ਸਲਾਮੁ॥*<br>*ਹਿਕੋ ਮੈਡਾ ਤੂ ਧਣੀ ਸਾਚਾ ਮੁਖਿ ਨਾਮੁ॥੧॥ਰਹਾਉ॥*<br>*ਸਿਧਾ ਸੇਵਨਿ ਸਿਧ ਪੀਰ ਮਾਗਹਿ ਰਿਧਿ ਸਿਧਿ॥*<br>*ਮੈ ਇਕੁ ਨਾਮੁ ਨ ਵੀਸਰੈ ਸਾਚੇ ਗੁਰ ਬੁਧਿ॥੨॥*<br>*ਜੋਗੀ ਭੋਗੀ ਕਾਪੜੀ ਕਿਆ ਭਵਹਿ ਦਿਸੰਤਰ॥*<br>*ਗੁਰ ਕਾ ਸਬਦੁ ਨਾ ਚੀਨ੍ਹਹੀ ਤਤੁ ਸਾਰੁ ਨਿਰੰਤਰ॥੩॥*<br>*ਪੰਡਿਤ ਪਾਧੇ ਜੋਇਸੀ ਨਿਤ ਪੜ੍ਹਹਿ ਪੁਰਾਣਾ॥*<br>*ਅੰਤਰਿ ਵਸਤੁ ਨ ਜਾਣਨ੍ਹੀ ਘਟਿ ਬ੍ਰਹਮੁ ਲੁਕਾਣਾ॥੪॥*<br>*ਇਕਿ ਤਪਸੀ ਬਨ ਮਹਿ ਤਪੁ ਕਰਹਿ ਨਿਤ ਤੀਰਥ ਵਾਸਾ॥*<br>*ਆਪੁ ਨ ਚੀਨਹਿ ਤਾਮਸੀ ਕਾਹੇ ਭਏ ਉਦਾਸਾ॥੫॥*<br>*ਇਕਿ ਬਿੰਦੁ ਜਤਨ ਕਰਿ ਰਾਖਦੇ ਸੇ ਜਤੀ ਕਹਾਵਹਿ॥*<br>*ਬਿਨੁ ਗੁਰ ਸਬਦਿ ਨ ਛੂਟਹੀ ਭ੍ਰਮਿ ਆਵਹਿ ਜਾਵਹਿ॥੬॥*<br>*ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ॥*<br>*ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁਜਾਗੇ॥੭॥*<br>*ਗੁਰ ਤੇ ਦਰੁ ਘਰੁ ਜਾਣੀਐ ਸੋ ਜਾਇ ਸਿਞਾਣੈ॥*<br>*ਨਾਨਕ ਨਾਮੁ ਨ ਵੀਸਰੈ ਸਾਚੇ ਮਨੁ ਮਾਨੈ॥੮॥੧੪॥*

*(ਆਸਾ ਮ: ੧, ਪੰਨਾ-੪੧੮-੧੯)*

ਵਿਆਖਿਆ:- ਗੁਰੂ ਨਾਨਕ ਸਾਹਿਬ ਨੇ ਆਪਣੀ ਦਿਬ ਤ੍ਰਿਕਾਲ ਦ੍ਰਿਸ਼ਟੀ ਦੁਆਰਾ ਚਾਰੇ ਕੁੰਟਾਂ ਸਾਰੇ ਭਵਨ ਸਿਰਜਨਹਾਰ ਕਰਤਾਰ ਦੀ ਰਚੀ ਹੋਈ ਸਾਰੀ ਸ੍ਰਿਸ਼ਟੀ ਢੂੰਡ ਪੜਤਾਲ ਕਰ ਕੇ ਦੇਖ ਲਈ, ਸਚੇ ਵਾਹਿਗੁਰੂ ਸਮਸਰ ਹੋਰ ਕੋਈ ਉਪਾਸ਼ਯ ਦੇਵ ਉਪਾਸ਼ਨਾ ਯੋਗ ਨਹੀਂ। ਇਕੋ ਅਕਾਲ ਪੁਰਖ ਹੈ। ਸੱਚੇ ਸਾਹਿਬਾ ਇਕੋ ਤੂੰ ਹੈਂ ਜਿਸ ਨੂੰ ਮੈਂ ਉਪਾਸ਼ਨ ਯੋਗ ਸਮਝ ਕੇ ਅਪਣਾਇਆ, ਹੋਰ ਕਿਸੇ ਨੂੰ ਮੈਂ ਨਹੀਂ ਅਪਣਾਇਆ, ਮੈਂਡਾ ਆਪਣਾ ਉਪਾਸ਼ਯ ਮਾਸ਼ੂਕ ਇਕ ਤੂੰ ਹੀ ਹੈਂ ਅਤੇ ਮੈਂ ਤੇਰਾ ਸੱਚਾ ਉਪਾਸ਼ਕ ਸੱਚਾ ਆਸ਼ਕ ਹਾਂ। ਹੇ ਮੇਰੇ ਸਾਹਿਬਾ ਸਚਿਆ! ਜੇ ਤੈਨੂੰ ਭਾਵੇ, ਤੇਰੀ ਸੱਚੀ ਰਜ਼ਾ ਹੋਵੇ ਤਾਂ ਤੇਰੀ ਮੇਰੀ, ਮੇਰੀ ਤੇਰੀ ਸੱਚੀ ਆਸ਼ਕੀ ਮਸ਼ੂਕੀ ਬਣੀ ਰਹੇ। ਤੂੰ ਮੇਰਾ ਮੈਂਡਾ ਮਾਸ਼ੂਕ ਸਦਾ ਬਣਿਆ ਰਹੇਂ ਤੇ ਮੈਂ ਤੇਰਾ ਤੈਂਡਾ ਸਦਾ ਆਸ਼ਕ-ਉਪਾਸ਼ਕ ਬਣਿਆ ਰਹਾਂ। ਇਕ ਤੇਰੀ ਹੀ ਉਪਾਸ਼ਨਾ ਕਰਦਾ ਰਹਾਂ। ਇਕ ਤੇਰੇ ਹੀ ਨਾਮ ਨੂੰ ਜਪਦਾ ਰਟਦਾ ਰਹਾਂ। ਮੈਨੂੰ ਤੇਰਾ ਦਰ ਛਡ ਕੇ ਹੋਰ ਕੋਈ ਦਰੁ ਨਹੀਂ ਦਿਸਦਾ ਸੁਝਦਾ। ਤੁਧੁ ਜਿਹਾ ਮੈਨੂੰ ਹੋਰ ਕੋਈ ਨਜ਼ਰ ਨਹੀਂ ਆਉਂਦਾ, ਜਿਸ ਅਗੇ ਮੈਂ ਝੁਕਾਂ ਤੇ ਝੁਕ-ਝੁਕ ਕੇ ਸਲਾਮਾਂ ਨਮਸਕਾਰਾਂ ਪ੍ਰਣਾਮਾਂ ਕਰਾਂ। ਮੈਂਡਾ ਇਕੋ ਮਾਲਕ ਤੂੰ ਹੈਂ ਅਤੇ ਤੈਂਡਾ ਹੀ ਇਕੋ ਨਾਮੁ ਹੈ, ਜੋ ਮੈਂਡੇ ਮੁਖ ਵਿਚਿ ਜਪਣ ਉਚਾਰਨ ਲਈ ਸਦਾ ਸਹਾਰਾ ਹੈ। ਤੇਰੇ ਇਕੈ ਨਾਮ ਦੀ ਮੈਂ ਉਪਾਸ਼ਨਾ ਕਰਦਾ ਰਹਾਂ। ਤੇਰਾ ਇਕੋ ਨਾਮ ਹੀ ਮੈਂ ਮੁਖ ਰਸਨਾ ਕਰਕੇ ਰਟਦਾ ਰਹਾਂ। ਤੈਂਡੇ ਨਾਮ ਬਿਨਾਂ ਹੋਰ ਦੂਜੀ ਉਪਾਸ਼ਨਾ ਸਭ ਨਾਸਤ ਹੈ। ਤੈਂਡੇ ਨਾਮ ਜਪਣ ਸਿਮਰਨ ਰੂਪੀ ਕਰਮ ਬਿਨਾਂ ਹੋਰ ਕਰਮ ਕਰਨਾ, ਹੋਰ ਧਰਮ ਧਾਰਨਾ ਮੇਰੇ ਲਈ ਸ਼ਰਮ



www.AKJ.Org

ਭਰੀ ਮੂੜ੍ਹਤਾ ਹੈ। ਭਾਵ ਗੁਰਮਤਿ ਨਾਮ ਅਭਿਆਸੀਆਂ ਨੂੰ ਗੁਰਮਤਿ ਨਾਮ ਅਭਿਆਸ ਰੂਪੀ ਕਰਮ ਬਾਝੋਂ, ਆਨ ਕਰਮ ਆਨਮਤ ਧਰਮ ਦੇ ਕਰਮਾਂ ਨੂੰ ਕਰਦਿਆਂ ਲਜਿਆ ਆਉਂਦੀ ਹੈ। ਕਿਉਂਕਿ ਉਹ ਗੁਰਮਤਿ ਨਾਮ ਅਭਿਆਸ ਰੂਪੀ ਕਰਮ ਦੇ ਸਾਹਮਣੇ ਬੜੇ ਹੀ ਨਿਚਲੇ ਦਰਜੇ ਦੇ ਕਰਮ ਹਨ॥੧॥ਰਹਾਉ॥

ਕਈ ਸ਼ੁਸ਼ਕ ਬੁਧੀ ਵਾਲੇ ਲੋਕ ਸਿਧਾਂ ਦੇ ਸੇਵਕ ਉਪਾਸ਼ਕ ਬਣਦੇ ਹਨ ਅਤੇ ਸਿਧ ਪੀਰ ਬਣਿਆ ਲੋਚਦੇ ਹਨ ਤੇ ਰਿਧੀਆਂ ਸਿਧੀਆਂ ਮੰਗਦੇ ਹਨ। ਪਰ ਨਾਮ ਦੇ ਆਸ਼ਕਾਂ ਉਪਾਸ਼ਕਾਂ ਦੇ ਨਿਕਟਿ ਇਹ ਰਿਧੀਆਂ ਸਿਧੀਆਂ ਸਭ ਹੇਚ ਅਤੇ ਤੁੱਛ ਹਨ। ਸੱਚੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਅਕਾਲ ਪੁਰਖ ਅਗੇ ਇਹੀ ਜੋਦੜੀ ਕਰਦੇ ਹਨ ਕਿ ਹੇ ਵਾਹਿਗੁਰੂ! ਮੈਨੂੰ ਤੇ ਮੇਰੇ ਘਰ ਦੇ ਗੁਰਸਿੱਖਾਂ ਨੂੰ ਇਕ ਤੇਰਾ ਨਾਮ ਨਾ ਵੀਸਰੇ। ਤੇਰਾ ਇਕੋ ਨਾਮ ਕਦੇ ਨਾ ਵੀਸਰੇ, ਜੋ ਸੱਚ, ਇਕੋ ਗੁਰੂ ਦੀ ਸੱਚੀ ਦੀਖਿਆ ਦੁਆਰਾ, ਗੁਰੂ ਦੀ ਸੱਚੀ ਮਤਿ ਬੁਧਿ ਦੁਆਰਾ ਪ੍ਰਾਪਤਿ ਹੁੰਦਾ ਹੈ। ਭਾਵ ਇਕੋ ਗੁਰਮਤਿ ਨਾਮੁ ਕਦੇ ਨਾ ਵੀਸਰੇ, ਪਰ ਨਾ ਵੀਸਰੇ। ਏਸ ਨਾਮ ਦੇ ਤੁਲਿ ਰਿਧੀਆਂ ਸਿਧੀਆਂ ਕੀ ਚੀਜ਼ ਹਨ। ਕੁਛ ਭੀ ਨਹੀਂ। ਇਹ ਰਿਧੀਆਂ ਸਿਧੀਆਂ ਸਤਿਨਾਮ ਦੀਆਂ ਦਾਸੀਆਂ ਹਨ। ਨਾਮ ਜਪਣ ਵਾਲਿਆਂ ਨਾਮ ਅਭਿਆਸੀਆਂ ਦੇ ਪਿੱਛੇ ਲੱਗੀਆਂ ਫਿਰਦੀਆਂ ਹਨ। ਪਰ ਨਾਮ ਅਭਿਆਸੀ, ਗੁਰਮਤਿ ਨਾਮ ਅਭਿਆਸੀ ਜਨ ਇਹਨਾਂ ਨੂੰ ਸਿਆਣਦੇ ਨਹੀਂ ਕਿ ਕਿਸ ਬਾਗ ਦੀਆਂ ਮੂਲੀਆਂ ਹਨ॥੨॥

ਜੋਗ ਸਾਧਨ ਵਾਲੇ ਜੋਗੀ ਲੋਗ ਅਤੇ ਭੋਗ ਭੋਗਣ ਵਾਲੇ ਭੋਗੀ ਲੋਗ ਅਤੇ ਲੀਰਾਂ ਦੇ ਚੋਲੇ ਪਾਉਣ ਵਾਲੇ ਫ਼ਕੀਰ ਲੋਗ ਐਵੇਂ ਵਾਹੀਆਤ ਹੀ ਦੇਸ਼ਾਂ ਬਦੇਸ਼ਾਂ ਵਿਚ ਭਉਂਦੇ ਫਿਰਦੇ ਹਨ, ਪਰ ਉਹਨਾਂ ਨੂੰ ਲਭਤਾ ਕੁਛ ਨਹੀਂ ਹੁੰਦੀ। ਉਹ ਬਦਕਿਸਮਤ ਜੇ ਗੁਰ ਕਾ (ਗੁਰੂ ਘਰ ਦਾ) ਸ਼ਬਦ ਗੁਰਮੰਤਰ ਗੁਰ ਦੀਖਿਆ ਦੁਆਰਾ ਲੈ ਲੈਣ ਤਾਂ ਉਨ੍ਹਾਂ ਨੂੰ ਘਟ ਅੰਤਰਿ ਤਤੁ ਸਾਰ ਵਸਤੂ (ਪਦਾਰਥ) ਲਭ ਪਵੇ। ਪਰ ਉਹਨਾਂ ਦੀ ਕਿਸਮਤ ਵਿਚਿ ਗੁਰ ਸ਼ਬਦ ਚੀਨਣਾ ਲਿਖਿਆ ਹੋਇਆ ਹੀ ਨਹੀਂ। ਉਹ ਗੁਰ ਸ਼ਬਦ ਚੀਨਦੇ ਹੀ ਨਹੀਂ। ਚੀਨਣ ਤਾਂ, ਜੇ ਗੁਰ ਕੀ ਸ਼ਰਣੀ ਆਉਣ। ਉਹ ਤਾਂ ਆਪਣੇ ਅਹੰਕਾਰ ਦੇ ਮਤੇ ਹੋਏ ਦੂਰਿ ਦੂਰਿ ਹੀ ਭੱਜੇ ਫਿਰਦੇ ਹਨ। ਪਏ ਦਸੰਤਰੀਂ ਭਟਕਦੇ ਭਰਮਦੇ ਹਨ॥੩॥

ਹੁਣ ਪੰਡਤਾਂ ਪਾਧੇ ਜੋਤਸ਼ੀਆਂ ਦੀ ਗੱਲ ਲਵੋ। ਉਹ ਓਦੂੰ ਭੀ ਰਹੇ ਹੋਏ ਹਨ। ਰਹਿ ਖੜੋਤੇ ਹੋਏ ਹਨ। ਨਿਤ ਪੁਰਾਣਾਂ ਨੂੰ ਪੜ੍ਹਦੇ ਹਨ, ਪਰ ਭੰਬਲ ਭੂਸੇ ਹੀ ਖਾਂਦੇ ਹਨ। ਸੱਚੇ ਪਦਾਰਥ ਮਈ ਸੱਚੀ ਵਸਤੂ ਤਾਂ ਅੰਤਰਿ ਆਤਮੇ ਹੀ ਹੈ, ਜਿਸ ਨੂੰ ਉਹ ਬਾਹਰ ਭਾਲਦੇ ਫਿਰਦੇ ਹਨ ਅਤੇ ਜਿਸ ਬ੍ਰਹਮ ਨੂੰ ਆਪਣੀ ਪੁਰਾਣਕ ਵਿਦਿਆ ਕੁਵਿਦਿਆ ਦੇ ਆਸਰੇ ਬਾਹਰ ਮੁਖੀ ਹੋ ਕੇ ਬਾਹਰੋਂ ਹੀ ਢੂੰਡਦੇ ਹਨ। ਉਹ ਬ੍ਰਹਮ ਤਾਂ ਘਟਾਂ ਅੰਦਰਿ ਗੁਪਤ ਲੁਕਿਆ ਬੈਠਾ ਹੈ, ਪਰ ਇਹ ਗੁਰਮਤਿ ਜੁਗਤੀ ਨਾਲਿ ਹੀ ਗੁਰਮਤਿ ਸ਼ਬਦ ਕਰਮ ਦੀ ਜੁਗਤੀ ਨਾਲਿ ਹੀ ਗੁਪਤੋ ਪਰਗਟ ਹੁੰਦਾ ਹੈ। ਗੁਰਮਤਿ ਨਾਮ ਦੀ ਕਮਾਈ ਕੀਤਿਆਂ ਘਟ ਅੰਤਰੋਂ ਹੀ ਪ੍ਰਗਟ ਹੋ ਜਾਂਦਾ ਹੈ, ਜੋਤਿ ਸ਼ਿਗੁਫ਼ਤਾ ਹੋ ਕੇ ਪ੍ਰਕਾਸ਼ ਹੋ ਜਾਂਦਾ ਹੈ। ਪੁਰਾਣਾਂ ਦੀ ਪੜ੍ਹਾਈ ਅੰਦਰਿ ਇਸ ਗੁਰਮਤਿ ਗੂੜ੍ਹ ਭੇਦ ਦਾ ਨਮੂਦ ਭੀ ਨਹੀਂ॥੪॥

ਅਨੇਕਾਂ ਤਪੱਸਿਆ ਕਰਨ ਵਾਲੇ ਤਪੱਸੀ ਲੋਕ ਹਨ ਜੋ ਤਪੱਸਿਆ ਕਰਨ ਹਿਤ ਬਨਾਂ ਵਿਖੇ ਅਤੇ ਤੀਰਥਾਂ ਦੇ ਤਟਾਂ ਉੱਤੇ ਜਾਇ ਬਸਦੇ ਹਨ, ਘਰ ਬਾਰ ਨੂੰ ਛਡ ਕੇ। ਪਰ ਤਪ ਕੀਤਿਆਂ ਤਾਮਸ ਤਮੋਗੁਣ ਹੀ ਵਧਦਾ ਹੈ। ਉਹ ਤਪਸੀ ਤਮੋਗਣੀ ਕਰੋਧੀ ਹੀ ਹੋ ਜਾਂਦੇ ਹਨ ਅਤੇ ਤਾਮਸੀ ਭੀ ਪੁਜ ਕੇ ਅਤੇ ਪਰਲੇ ਦਰਜੇ ਦੇ ਹੁੰਦੇ ਹਨ। ਉਹ ਤਾਮਸੀ ਆਤਮ-ਪਦਾਰਥ ਪਰਮਾਤਮ ਪਦ ਨੂੰ ਆਪਣੇ ਅੰਦਰਿ ਨਹੀਂ ਚੀਨ (ਲਖ) ਸਕਦੇ। ਤਾਂ ਫੇਰ ਉਪਰਾਮਤਾ ਉਦਾਸੀਨਤਾ ਮਈ ਗ੍ਰਿਹਸਤ ਦਾ ਤਿਆਗ ਉਨ੍ਹਾਂ ਨੇ ਕਾਹਦੇ ਲਈ ਕੀਤਾ। ਏਸ ਤਿਆਗ ਨੂੰ ਹੀ ਲਾਜ ਲਾਈ। ਆਪਣੇ ਤਿਆਗ ਵੈਰਾਗ ਨੂੰ ਹੀ ਹਾਸੋਹੀਣਾ ਕੀਤਾ॥੫॥

ਅਣਗਿਣਤ ਐਸੇ ਪੁਰਸ਼ ਹਨ ਜੋ ਹਠ ਨਿਗ੍ਰਹਿ ਕਰਿ ਆਪਣੇ ਬੀਰਜ ਨੂੰ ਕਾਇਮ ਰਖਣ ਵਿਚਿ ਹੀ ਆਪਣੇ ਆਪ ਨੂੰ ਪੁੱਗੇ ਹੋਏ ਸਮਝਦੇ ਹਨ। ਅਤੇ ਇਸ ਬਿੰਦ ਨੂੰ ਰੋਕ ਕੇ ਜਤੀ ਸਦਾਵਣ ਦੀ ਵਡਿਆਈ ਵਿਚਿ ਹੀ ਫੁਲੇ ਅਤੇ ਭੁਲੇ ਫਿਰਦੇ ਹਨ ਅਤੇ ਆਵਾਗਾਉਣ ਦੇ ਗੇੜ ਵਿਚ ਭਰਮਿ ਭਰਮਿ ਚੋਟਾਂ ਖਾਂਦੇ ਹਨ। ਉਨ੍ਹਾਂ ਭਰਮ-ਭੁਲਿਆਂ ਦਾ ਛੁਟਕਾਰਾ ਨਿਸਤਾਰਾ ਭੀ ਗੁਰ ਸ਼ਬਦ ਦੀ ਪਾਰਸ ਕਮਾਈ ਬਿਨਾਂ ਨਹੀਂ ਹੋ ਸਕਦਾ। ਕਿਤੇ ਭਾਗ ਖੁਲ੍ਹਣ ਤਾਂ ਗੁਰ ਸ਼ਰਣਾਈ ਆਵਣਿ, ਗੁਰੂ ਘਰ ਤੋਂ ਗੁਰ ਦੀਖਿਆ ਗੁਰ ਮੰਤਰ ਪ੍ਰਾਪਤਿ ਕਰਨ। ਫੇਰ ਗੁਰ ਮੰਤਰ ਦੀ ਅਥੱਕ ਕਮਾਈ ਕਰਣ ਤਾਂ ਜਾ ਕੇ ਉਨ੍ਹਾਂ ਦਾ ਨਿਸਤਾਰਾ



www.AKJ.Org

ਛੁਟਕਾਰਾ ਹੋਵੇ॥੬॥

ਵਿਰਲੇ ਵਡਭਾਗੇ ਗੁਰਸਿੱਖਾਂ ਸੇਵਾਕਾਂ ਦੀ ਬਹੁਲਤਾ ਭੀ ਐਸੀ ਹੈ ਜੋ ਗ੍ਰਿਹਸਤੀ ਹੁੰਦੇ ਹੋਏ ਘਰ ਅੰਦਰਿ ਹੀ ਰਹਿ ਕੇ, ਗੁਰ ਦੀਖਸ਼ਾਏ ਗੁਰਮੰਤਰ ਨਾਮ ਦੀ ਸਿਮਰਨ ਰੂਪੀ ਸੇਵ (ਅਭਿਆਸ ਕਮਾਈ) ਨੂੰ ਸਾਧਦੇ ਹੋਏ, ਗੁਰਮਤਿ ਦੇ ਪੱਕੇ ਧਾਰਨੀ ਬਣੇ ਹੋਏ ਹਨ (ਗੁਰਮਤੀ ਲਗੇ ਹੋਏ ਹਨ)। ਉਨ੍ਹਾਂ ਦੇ ਨਾਮੁ, ਦਾਨ, ਇਸ਼ਨਾਨ ਦੀ ਗੁਰਮਤਿ ਰਹਿਣੀ (ਗੁਰੂ ਘਰ ਦੀ ਰਹਿਤ ਮਰਯਾਦਾ) ਦ੍ਰਿੜ੍ਹ ਕਰ ਕੇ ਧਾਰਨ ਕੀਤੀ ਹੋਈ ਹੈ। ਇਸ ਬਿਧਿ ਕੀਤੀ ਗੁਰ ਭਗਤੀ ਦੁਆਰਾ ਉਨ੍ਹਾਂ ਨੂੰ ਘਰ ਵਿਚਿ ਸੱਚੇ ਸੁਹਾਗ ਭਾਗ ਦੀ ਜਾਗ ਸੁਜਾਗੀ ਜਾਗ ਲਗ ਜਾਂਦੀ ਹੈ। ਇਸ ਬਿਧਿ ਗੁਰੂ ਦੁਆਰਾ ਗੁਰਮਤਿ ਨਾਮ ਦੀ ਕਮਾਈ ਕੀਤਆਂ ਐਥੇ ਹੀ ਇਸ ਲੋਕ ਵਿਖੇ ਹੀ ਸੱਚੇ ਦਰ ਘਰ ਦਾ ਜਾਣੂ ਹੋ ਜਾਈਦਾ ਹੈ ਅਤੇ ਅਗੇ ਜਾ ਕੇ ਭੀ ਏਸੇ ਜਾਣ-ਪਛਾਣ ਦੀ ਨਿਸ਼ਾਨੀ ਦੁਆਰਾ ਸੱਚੜਾ ਦੁਆਰਾ ਸੱਚਖੰਡ ਦਰਬਾਰ ਸਿਆਣ ਲਈਦਾ ਹੈ। ਸਿਆਣ ਕੇ ਛੜੱਪ ਹੀ ਉਸੇ ਦੁਆਰੇ ਜਾ ਵੜੀਦਾ ਹੈ, ਜਿਥੋਂ ਹੋੜਨ ਹਟਕਣ ਵਾਲਾ ਕੋਈ ਨਹੀਂ। ਗੁਰੂ ਨਾਨਕ ਸਾਹਿਬ ਦੀ ਪਹੁੰਚ ਨਾਲਿ ਧੁਰਿ ਪਹੁੰਚਿਆਂ ਹੋਇਆਂ ਨੂੰ ਧੁਰ ਸੱਚਖੰਡ ਪਹੁੰਚ ਕੇ ਭੀ ਸੱਚੜਾ ਨਾਮ ਨਹੀਂ ਵੀਸਰਦਾ, ਐਸਾ ਉਨ੍ਹਾਂ ਦੀ ਆਤਮਾ ਅੰਦਰਿ ਉਹ (ਨਾਮ) ਧਸਿਆ ਅਤੇ ਰਸਿਆ ਹੋਇਆ ਹੁੰਦਾ ਹੈ॥੮॥

ਇਸ ਗੁਰਵਾਕ ਵਿਆਖਿਆ ਦੁਆਰਾ ਆਨਮਤ ਕਰਮਾਂ ਉਪਰ ਗੁਰਮਤਿ ਕਰਮ ਦੀ ਸਰ ਫ਼ਰਾਜ਼ੀ (ਉਚਤਾ) ਅਤੇ ਫਜ਼ੀਲਤ (ਵਡਿਆਈ) ਆਨਮਤ ਕਰਮਾਂ ਦੀ ਨਿਪੁੰਸਕਤਾ ਅਤੇ ਗੁਰਮਤਿ ਕਰਮ ਦੀ ਮਹਾਨਤਾ ਭਲੀ ਪ੍ਰਕਾਰ ਪ੍ਰਸਿਧ ਹੋ ਗਈ। ਅਗਲੇ ਗੁਰਵਾਕ ਅੰਦਰਿ ਤ੍ਰਗੁਣੀ ਮਾਇਆ ਵਿਚਿ ਭਰਮਿ ਭੁਲੇ ਕਰਮ ਚਾਰੀਆਂ ਦਾ ਵਿਸਥਾਰ ਹੈ, ਏਹਨਾਂ ਤੋਂ ਵਿਲੱਕਣ ਗੁਰਮਤਿ ਕਰਮਾਂ ਦੀ ਸ੍ਰੇਸ਼ਟਤਾ ਹੈ।

*ਤ੍ਰੈਗੁਣ ਮਾਇਆ ਵੇਖਿ ਭੁਲੇ*
*ਜਿਉ ਦੇਖਿ ਦੀਪਕਿ ਪਤੰਗ ਪਚਾਇਆ॥*
*ਪੰਡਿਤ ਭੁਲਿ ਭੁਲਿ ਮਾਇਆ ਵੇਖਹਿ*
*ਦਿਖਾ ਕਿਨੈ ਕਿਹੁ ਆਣਿ ਚੜ੍ਹਾਇਆ॥*
*ਦੂਜੈ ਭਾਇ ਪੜਹਿ ਨਿਤ ਬਿਖਿਆ*
*ਨਾਵਹੁ ਦਯਿ ਖੁਆਇਆ॥*
*ਜੋਗੀ ਜੰਗਮ ਸੰਨਿਆਸੀ ਭੁਲੇ ਓਨ੍ਹਾ*
*ਅਹੰਕਾਰ ਬਹੁ ਗਰਬੁ ਵਧਾਇਆ॥*
*ਛਾਦਨੁ ਭੋਜਨੁ ਨ ਲੈਹੀ ਸਤ ਭਿਖਿਆ*
*ਮਨ ਹਠਿ ਜਨਮੁ ਗਵਾਇਆ॥*
*ਏਤੜਿਆ ਵਿਚਹੁ ਸੋ ਜਨੁ ਸਮਧਾ*
*ਜਿਨਿ ਗੁਰਮੁਖਿ ਨਾਮੁ ਧਿਆਇਆ॥*
*ਜਨ ਨਾਨਕ ਕਿਸ ਨੋ ਆਖਿ ਸੁਣਾਈਐ*
*ਜਾ ਕਰਦੇ ਸਭਿ ਕਰਾਇਆ॥੨॥੧੨॥*

*(ਮ: ੩, ਗੂਜਰੀ ਕੀ ਵਾਰ, ਪੰਨਾ ੫੧੩)*

ਵਿਆਖਿਆ:- ਦ੍ਰਿਸ਼ਟਮਾਨ ਪਸਾਰਾ ਸਭ ਤ੍ਰੈਗੁਣੀ ਮਾਇਆ ਦਾ ਹੈ। ਇਸ ਦੇ ਭਰਮ-ਭੁਲਾਵੇ ਵਿਚਿ ਬੜੇ ਬੜੇ ਦੇਵਤੇ ਫਸ ਕੇ ਤ੍ਰੈਗੁਣੀ ਮਾਇਆ ਦੇ ਹੀ ਕਰਮ ਕਮਾਉਣ ਵਿਚਿ ਪਰਵਿਰਤ ਹੁੰਦੇ ਰਹੇ। ਤ੍ਰੈਗੁਣੀ ਮਾਇਆ ਨੂੰ ਦੇਖ ਕੇ ਐਉਂ ਭਰਮਿ ਭੁਲੇ ਹੋਏ ਮਾਇਆ ਵਿਚਿ ਹੀ ਗਲਤਾਨ ਹੋ ਗਏ, ਜਿਵੇਂ ਦੀਵੇ (ਦੀਪਕ) ਨੂੰ ਦੇਖ ਕੇ ਪਤੰਗਾ ਰਚ ਪਚ ਕੇ ਮਰ ਜਾਂਦਾ ਹੈ। ਬੇਦ-ਵੇਤੇ ਪੰਡਤਿ ਜਨ ਮਾਇਆ ਦੇ ਏਤਨੇ ਲਾਲਚੀ ਹਨ ਕਿ ਉਹਨਾਂ ਦੀ ਸੁਰਤੀ ਸਦਾ ਮਾਇਆ ਦੇ ਚੜ੍ਹਾਵੇ ਵਿਚਿ ਹੀ ਰਹਿੰਦੀ ਹੈ। ਜਦੋਂ ਕੋਈ ਚੜ੍ਹਾਵਾ ਚੜ੍ਹਾਉਂਦਾ ਹੈ ਓਦੋਂ ਹੀ ਉਹ ਉਸਰਿ ਉਸਰਿ ਕੇ ਦੇਖਦੇ ਹਨ ਕਿ ਕਿੰਨੀ ਕੁ ਮਾਇਆ ਚੜ੍ਹਾਈ ਹੈ। ਕਿਉਂਕਿ ਉਹ ਦੂਜੇ ਭਾਇ ਦੀ ਬਿਖਿਆ ਮਤੀ ਸੁਰਤਿ ਬਿਰਤਿ ਉਨ੍ਹਾਂ ਦੀ ਹੋ ਜਾਂਦੀ ਹੈ। ਉਨ੍ਹਾਂ ਬਿਖ-ਮਤਿਆਂ ਦੀ ਪੂਰਬਲੀ ਕਰਨੀ ਹੀ ਐਸੀ ਹੈ ਕਿ ਉਹਨਾਂ ਦੇ ਇਸ ਜਨਮ ਵਿਚਿ ਭੀ ਭਿਖ ਮਾਇਆ ਵਿਚਿ ਖੁਆਰੀ ਹੀ ਲਿਖੀ ਹੋਈ ਹੈ। ਨਾਮ ਵੱਲੋਂ ਇਹਨਾਂ ਦੀ ਸੁਰਤੀ ਹੀ ਭਵਾ ਛਡੀ ਹੈ ਕਰਮ ਬਿਧਾਤੇ ਨਿਰੰਕਾਰ ਨੇ। ਨਾਮ ਵਲੋਂ ਭੁਆਣਈਆਂ ਖਾਣ ਵਲਿਆਂ ਦੀ ਇਹੋ ਗਤੀ ਹੁੰਦੀ ਹੈ।

ਆਨਮਤੀ ਭੇਖਾਂ ਦੇ ਫ਼ਿਰਕੇ ਜੋਗੀ ਜੰਗਮ ਸੰਨਿਆਸੀ ਸਭਿ ਭਰਮਦੇ ਹੀ ਭੁਲੇ ਫਿਰਦੇ ਹਨ। ਤ੍ਰੈਗੁਣੀ ਮਾਇਆ ਦੇ ਕਰਮ ਕਰਿ ਕਰਿ ਤਿਨ੍ਹਾਂ ਸਭਨਾਂ ਦਾ ਮਾਨ ਹੰਕਾਰ ਹੀ ਵਧਦਾ ਹੈ। ਤੇੜ ਦੇ ਢਕਣ ਲਈ ਕਪੜਾ ਅਤੇ ਉਦਰ ਪੂਰਨ ਲਈ ਅੰਨ ਭੋਜਨ ਇਹ ਦੋਵੇਂ ਭਿਛਿਆਵਾਂ ਹੀ ਭੀਖਕਾਂ ਦੇ ਦੇਣ ਲੈਣ ਲਈ ਸ਼ੋਭਨੀਕ ਹਨ। ਇਹ ਤਾਂ ਉਹ ਲੈਂਦੇ ਨਹੀਂ। ਹਠਕਰਮੀ ਬਣ ਕੇ ਆਪਣਾ ਜੀਵਨ ਜਨਮ ਅਕਾਰਥ ਗੰਵਾਉਂਦੇ ਹਨ।

*(ਬਾਕੀ ਅਗਲੇ ਅੰਕ ਵਿਚ)*



www.AKJ.Org

# ਰੰਗ ਰੱਤੜੇ ਬਾਊ ਮੱਲ ਸਿੰਘ ਜੀ

*-ਪ੍ਰੋਫੈਸਰ ਠਾਕੁਰ ਸਿੰਘ ਜੀ*

*(ਲੜੀ ਜੋੜਨ ਲਈ ਪਿਛਲੇ ਅੰਕ ਪੜ੍ਹੋ)*

## ਸਿਹਤ ਦੀ ਖ਼ਰਾਬੀ ਤੇ ਦੇਸ਼ ਵਾਪਸੀ

ਫਰਾਂਸ ਤੋਂ ਵਾਪਸ ਆਉਂਦਿਆਂ ਕੋਈ ਖ਼ਾਸ ਤਕਲੀਫ਼ ਨਾ ਹੋਈ। ਸਿਰਫ਼ ਇਕ ਵੇਰ ਰੈੱਡ-ਸੀ ਵਿਚ ਜਦੋਂ ਜਹਾਜ਼ ਬਹੁਤ ਡੋਲ ਰਿਹਾ ਸੀ ਤੇ ਗਰਮੀ ਸਖ਼ਤ ਪੈ ਰਹੀ ਸੀ ਤਾਂ ਦਿਲ ਘਬਰਾ ਗਿਆ। ਡਾਕਟਰ ਨੂੰ ਸਦ ਭੇਜਿਆ। ਪਰ ਸਤਿਗੁਰੂ ਜੀ ਦੀ ਐਸੀ ਬਖ਼ਸ਼ਸ਼ ਹੋਈ ਕਿ ਜਾਂ ਸਾਹਮਣੇ ਪਹਾੜ ਦੀ ਟੀਸੀ 'ਤੇ ਵੇਖਦੇ ਹਨ ਤਾਂ ਸਤਿਗੁਰੂ ਜੀ ਦਰਸ਼ਨ ਦੇ ਰਹੇ ਹਨ ਅਤੇ ਹੱਥ ਦੇ ਇਸ਼ਾਰੇ ਨਾਲ ਹੌਸਲਾ ਦੇ ਰਹੇ ਹਨ। ਇਹ ਇਕ ਸੁਪਨੰਤਰ ਚਮਤਕਾਰ ਸੀ। ਅੱਖ ਉਘੜੀ ਤਾਂ ਸਾਹਮਣੇ ਡਾਕਟਰ ਖੜਾ ਸੀ ਤੇ ਨਬਜ਼ ਦੇਖ ਰਿਹਾ ਸੀ। ਬਾਊ ਜੀ ਕਹਿਣ ਲੱਗੇ, ਸਾਡੇ ਸਤਿਗੁਰੂ ਜੀ ਸਾਡੀ ਸੰਭਾਲ ਕਰ ਰਹੇ ਹਨ, ਤੁਸੀਂ ਬੇਫ਼ਿਕਰੀ ਨਾਲ ਜਾ ਸਕਦੇ ਹੋ। ਬਸ ਫਿਰ ਸਿਮਰਨ ਵਿਚ ਜੁਟ ਗਏ। ਰੈੱਡ-ਸੀ ਲੰਘ ਕੇ ਸਾਰਾ ਸਫ਼ਰ ਜਹਾਜ਼ ਅਤੇ ਗੱਡੀ ਦਾ ਠੀਕ ਹੋਇਆ। ਲਖਨਊ ਪਹੁੰਚ ਕੇ ਮਿਲਟਰੀ ਹਸਪਤਾਲ ਤੋਂ ਦਵਾਈ ਲੈ, ਛੁੱਟੀ ਤੇ ਘਰ ਨਾਗੋਕੀ ਸਰਲੀ (ਲਾਇਲਪੁਰ) ਪੁਜ ਗਏ।

ਇਥੇ ਇਹ ਗੱਲ ਦਸਣੀ ਜ਼ਰੂਰੀ ਹੈ ਕਿ ਲਖਨਊ ਜਦੋਂ ਡਾਕਟਰ ਨੇ ਆਪ ਦਾ ਚੰਗੀ ਤਰ੍ਹਾਂ ਸਰੀਰਕ ਮੁਆਇਨਾ ਕੀਤਾ ਉਨ੍ਹਾਂ ਨੇ ਆਪ ਜੀ ਵਾਸਤੇ ਇਕ ਹਵਾਲਦਾਰ ਦੀ ਡਿਊਟੀ ਲਾਈ ਕਿ ਇਨ੍ਹਾਂ ਨੂੰ ਲੰਮੇ ਸਾਹ ਲੈਣ ਦੇ ਨਾਲ-ਨਾਲ ਉਪਰ ਨੂੰ ਟਪਾਇਆ ਕਰੇ। ਬਾਊ ਜੀ ਨੇ ਡਾਕਟਗਰ ਨੂੰ ਪੁੱਛਿਆ ਕਿ ਇਹ ਕਾਹਦੇ ਲਈ ਹੈ? ਡਾਕਟਰ ਨੇ ਕਿਹਾ ਇਸ ਨਾਲ Breathing exercise (ਸਵਾਸ-ਕਿਰਿਆ ਦੀ ਵਰਜ਼ਿਸ਼) ਹੁੰਦੀ ਹੈ, ਜਿਹੜੀ ਕਿ ਫੇਫੜਿਆਂ ਦੀ ਇਸ ਬੀਮਾਰੀ ਲਈ ਬਹੁਤ ਜ਼ਰੂਰੀ ਹੈ। ਤਾਂ ਬਾਊ ਜੀ ਕਹਿਣ ਲੱਗੇ ਕਿ ਮੈਂ ਪਤੈ, ਕੀ ਕਰਦਾ ਹੁੰਦਾ ਹਾਂ ਅਤੇ ਨਾਲ-ਨਾਲ ਜ਼ੋਰ-ਜ਼ੋਰ ਸਾਸ-ਗਿਰਾਸੀ ਅਭਿਆਸ ਕਰ ਕੇ ਦੱਸਿਆ। ਡਾਕਟਰ ਬੜਾ ਖੁਸ਼ ਹੋਇਆ ਤੇ ਹੈਰਾਨੀ ਨਾਲ ਕਹਿਣ ਲੱਗਾ, "ਹੈਂ! ਕੀ ਸਚੀ ਮੁਚੀ ਤੁਸੀਂ ਏਦਾਂ ਕਰਦੇ ਹੁੰਦੇ ਹੋ!! ਤਾਂ ਫਿਰ ਤੁਹਾਡੀ ਬੀਮਾਰੀ ਦਾ ਇਲਾਜ ਵੀ ਇਹੋ ਹੀ ਇਕੋ ਇਕ ਹੈ।"

ਫ਼ਰਾਂਸ ਤੋਂ ਚਲ ਕੇ ਭਾਰਤ ਵਿਚ ਪਿੰਡ ਪੁਜਣ ਤਕ ਹਮੇਸ਼ਾ ਇਕ ਤਿਆਰ-ਬਰ ਤਿਆਰ ਫ਼ੌਜੀ ਸਿੰਘ ਇਨ੍ਹਾਂ ਦੇ ਨਾਲ ਸੇਵਾ ਤੇ ਰਿਹਾ ਅਤੇ ਅਖ਼ੀਰ ਵਾਲਾ ਸਿਪਾਹੀ ਪੂਰਨ ਸਿੰਘ ਸੀ, ਜੋ ਆਪਣੇ ਮੋਢਿਆਂ 'ਤੇ ਚੁੱਕ ਕੇ ਇਨ੍ਹਾਂ ਨੂੰ ਆਪਣੇ ਘਰ ਛੱਡ ਕੇ ਗਿਆ।

ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥੧॥੧੨੯॥

*(ਆਸਾ ਮ: ੫, ਪੰਨਾ ੪੦੩)*

ਟੀ.ਬੀ. ਦੀ ਬੀਮਾਰੀ ਹੋਣ ਕਰਕੇ ਤੁਰਨ ਫਿਰਨ ਦੀ ਡਾਕਟਰਾਂ ਵੱਲੋਂ ਆਗਿਆਂ ਹੀ ਨਹੀਂ ਸੀ। ਬਾਊ ਜੀ ਦਾ ਸਰੀਰ ਇੰਨਾ ਕਮਜ਼ੋਰ ਹੋ ਚੁੱਕਾ ਸੀ ਕਿ ਬੜੀ ਸੰਭਾਲ ਨਾਲ ਫੜ ਕੇ ਬਿਠਾਉਣਾ ਪੈਂਦਾ ਸੀ ਅਤੇ ਪਿੱਛੇ ਸਰਹਾਣੇ ਦਾ ਸਹਾਰਾ ਦੇਣਾ ਪੈਂਦਾ ਸੀ।

ਬਾਊ ਜੀ ਦਾ ਨਾਮ ਬਾਣੀ ਦੀ ਪਾਰਸ-ਕਲਾ ਤੇ ਅਲੌਕਿਕ ਸ਼ਕਤੀ ਬਾਰੇ ਦ੍ਰਿੜ੍ਹ ਵਿਸ਼ਵਾਸ ਸੀ ਅਤੇ ਇਸ ਵੇਲੇ ਤਕ ਉਹ ਆਪਣੀ ਜੀਵਨੀ ਵਿਚ ਅਨੇਕਾਂ ਚਮਤਕਾਰ ਵੇਖ ਚੁੱਕੇ ਸਨ। ਪਿੰਡ ਪੁਜਣ 'ਤੇ ਆਪਣੇ ਵੱਡੇ ਭਾਈ ਸਾਹਿਬ ਵਰਿਆਮ ਸਿੰਘ ਜੀ ਨੂੰ ਕਹਿ ਦਿੱਤਾ ਕਿ ਮੈਂ ਕੋਈ ਡਾਕਟਰੀ ਦਵਾਈ ਨਹੀਂ ਲਵਾਂਗਾ। ਮੇਰਾ ਇਲਾਜ ਨਾਮ-ਸਿਮਰਨ ਤੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਹੀ ਹੈ, ਜੋ ਮੈਨੂੰ ਹਰ ਵਕਤ ਸੁਣਾਈ ਜਾਵੋ। ਬਾਹਰ ਧੁੱਪ ਵਿਚ ਮੇਰਾ ਮੰਜਾ ਕਰ ਦਿਉ ਅਤੇ ਦੁੱਧ ਛਕਣ ਨੂੰ ਖੁਲ੍ਹਾ-ਡੁਲ੍ਹਾ ਮਿਲ ਜਾਇਆ ਕਰੇ। ਇਹ ਅਮਲ ਉਸੇ ਦਿਨ ਤੋਂ ਸ਼ੁਰੂ ਹੋ ਗਿਆ।

ਤਿੰਨ ਸਾਲ ਦੀ ਮਜਬੂਰਨ ਗ਼ੈਰ-ਹਾਜ਼ਰੀ ਪਿਛੋਂ ਆਪਣੇ ਪਿਆਰੇ ਪਰਵਾਰ, ਜੋ ਸੇਵਾ ਕਰਨ ਲਈ ਹਮੇਸ਼ਾ ਤਤਪਰ ਸੀ, ਦੇ ਨਿੱਘੇ ਵਾਤਾਵਰਨ ਵਿਚ ਇਸ ਅਗੰਮੀ ਸਵਾਈ "ਅਉਖਧੁ ਤੇਰੋ ਨਾਮੁ ਦਇਆਲ" ਨਾਲ ਸ੍ਰੀਮਾਨ ਬਾਊ ਜੀ ਦਾ ਸਰੀਰ ਦਿਨਾਂ ਵਿਚ ਹੀ ਰਾਜ਼ੀ ਹੋਣਾ ਸ਼ੁਰੂ ਹੋ ਗਿਆ। ਹੌਲੀ-ਹੌਲੀ ਬੁਖ਼ਾਰ ਘਟਣ ਲਗ ਪਿਆ। "ਜੋ ਸਾਸਿ ਗਿਰਾਸਿ



www.AKJ.Org

ਧਿਆਏ ਮੇਰਾ ਹਰਿ ਹਰਿ" ਦੀ ਅਉਖਧੀ ਅਤੇ ਸੁਖਮਨੀ ਸਾਹਿਬ ਦੇ ਪਾਠ ਦਾ ਪਾਰਸ-ਕਲਾ ਨਾਲ ਸਤਿਗੁਰੂ ਦੀ ਅਪਾਰਾ ਕਿਰਪਾ ਸਦਕਾ ਪਹਿਲੇ ਮਹੀਨੇ ਹੀ ਬੁਖ਼ਾਰ ਟੁੱਟ ਗਿਆ। ਸਭ ਪਰਵਾਰ ਨੇ ਖ਼ੁਸ਼ੀਆਂ ਮਨਾਈਆਂ, ਕਿਉਂਕਿ ਇਹ ਸਰੀਰ ਦੇ ਸੁਸਥ ਹੋਣ ਦੀ ਪੱਕੀ ਨਿਸ਼ਾਨੀ ਸੀ। ਦੂਜੇ ਮਹੀਨੇ ਦੇ ਅਖ਼ੀਰ ਤਕ ਮੰਜੇ ਤੋਂ ਉਠ ਕੇ ਹੌਲੇ ਹੌਲੇ ਕਦਮ ਪੁੱਟਣ ਲਗ ਪਏ ਤੇ ਤੀਜੇ ਮਹੀਨੇ ਦੇ ਅਖ਼ੀਰ ਤਕ ਘਰੋਂ ਬਾਹਰ ਤੁਰਨ ਫਿਰਨ ਲਗ ਪਏ। ਸਹਿਜੇ ਸਹਿਜੇ ਇਹ ਖ਼ਤਰਨਾਕ ਬੀਮਾਰੀ ਖਹਿੜਾ ਛੱਡ ਗਈ। ਸਰੀਰ ਨਰੋਆ ਹੋ ਗਿਆ। ਓਧਰੋਂ ਛੁੱਟੀ ਖ਼ਤਮ ਹੋ ਗਈ ਤੇ ਸਾਰੇ ਪਰਵਾਰ ਨੇ ਪਿੰਡ ਦੇ ਗੁਰਦੁਆਰੇ ਜਾ ਕੇ ਸ੍ਰੀਮਾਨ ਬਾਊ ਜੀ ਦੇ ਨਾਲ ਸ਼ੁਕਰਾਨੇ ਦੀ ਅਰਦਾਸ ਕੀਤੀ, ਖ਼ੁਸ਼ੀਆਂ ਮਨਾਈਆਂ ਤੇ ਪਿਆਰ ਭਰੀਆਂ ਸਧਰਾਂ ਨਾਲ ਅੰਬਾਲੇ ਛਾਉਣੀ ਜਾਣ ਲਈ ਵਿਦਾ ਕੀਤਾ।

## ਮੁੜ ਅੰਬਾਲੇ ਡਿਊਟੀ 'ਤੇ

ਅੰਬਾਲੇ ਪੁੱਜਦੇ ਸਾਰ ਡੀਪੋ ਵਿਚ ਹਾਜ਼ਰੀ ਦੀ ਰਿਪੋਰਟ ਕਰ ਦਿੱਤੀ, ਕਿਉਂਕਿ ਇਨ੍ਹਾਂ ਦੀ ਆਪਣੀ ਯੂਨਿਟ-੩੬ ਨੰਬਰ ਰਸਾਲਾ ਅਜੇ ਫ਼ਰਾਂਸ ਤੋਂ ਵਾਪਸ ਨਹੀਂ ਪੁੱਜਾ ਸੀ। ਡਾਕਟਰਾਂ ਦੇ ਬੋਰਡ ਵੱਲੋਂ ਆਪ ਜੀ ਦਾ ਸਰੀਰਕ ਮੁਆਇਨਾ ਹੋਇਆ। ਉਨ੍ਹਾਂ 'Fit for duty' (ਡਿਊਟੀ ਲਈ ਫਿਟ ਹੈ) ਦਾ ਹੁਕਮ ਲਿਖ ਦਿੱਤਾ ਤੇ ਨਾਲ ਇਹ ਵੀ ਲਿਖਿਆ ਕਿ ਖੱਬੇ ਫੇਫੜੇ ਵਿਚ ਅਜੇ ਬੀਮਾਰੀ ਦੀ ਨਿਸ਼ਾਨੀ ਹੈ, ਪਰ ਕਿਸੇ ਰੱਬੀ ਇਲਾਜ ਨਾਲ ਉਸ ਉਪਰ ਐਸੀ ਝਿੱਲੀ ਕੁਦਰਤ ਨੇ ਬਣਾ ਦਿੱਤੀ ਹੈ ਕਿ ਹੇਠਾਂ ਦੱਬੀ ਗਈ ਹੈ, ਤੇ ਅੱਗੇ ਵਧ ਨਹੀਂ ਸਕਦੀ। ਬਾਕੀ ਦਾ ਫੇਫੜਾ ਠੀਕ ਕੰਮ ਕਰ ਰਿਹਾ ਹੈ।

ਆਪਣੀ ਡਿਊਠੀ ਦਾ ਚਾਰਜ ਲੈ ਕੇ ਕੰਮ ਸ਼ੁਰੂ ਕਰ ਦਿੱਤਾ। ਕੁਝ ਚਿਰ ਪਿੱਛੋਂ ਆਪ ਜੀ ਦਾ ਰਸਾਲਾ ਫ਼ਰਾਂਸ ਤੋਂ ਵਾਪਸ ਇਥੇ ਪੁਜ ਗਿਆ। ਜਦ ਆਪ ਜੀ ਆਪਣੇ ਰਸਾਲੇ ਦੇ ਕਰਨਲ ਸਾਹਿਬ ਨੂੰ ਮਿਲੇ ਤਾਂ ਉਹ ਦੇਖ ਕੇ ਬੜਾ ਪ੍ਰਸੰਨ ਹੋਇਆ ਤੇ ਨਾਲ ਹੀ ਹੁਕਮ ਦਿੱਤਾ ਕਿ ਰਸਾਲੇ ਦੇ ਡਿਪੋ ਦਾ ਹਿਸਾਬ-ਕਿਤਾਬ ਬਿਲਕੁਲ ਨਾ-ਤਸੱਲੀ-ਬਖ਼ਸ਼ ਹੈ। ਇਸ ਨੂੰ ਚੰਗੀ ਤਰ੍ਹਾਂ ਚੈੱਕ ਕਰ ਕੇ ਠੀਕ ਕਰੋ, ਤਾਂ ਜੁ ਆਡਿਟ ਕਰਵਾਇਆ ਜਾ ਸਕੇ। ਸ੍ਰੀਮਾਨ ਬਾਊ ਜੀ ਨੇ ਤਕਰੀਬਨ ਦੋ ਮਹੀਨੇ ਵਿਚ ਸਾਰਾ ਹਿਸਾਬ ਠੀਕ ਕਰ ਕੇ ਜਦ ਕਰਨਲ ਸਾਹਿਬ ਦੇ ਪੇਸ਼ ਕੀਤਾ ਤਾਂ ਉਹ ਬਹੁਤ ਖ਼ੁਸ਼ ਹੋਇਆ ਅਤੇ ਪ੍ਰਸੰਨ ਹੋ ਕੇ ਪੰਜ ਸੌ ਰੁਪਏ ਇਨਾਮ ਦਿੱਤਾ। ਨਾਲ ਹੀ ਉਪਰ ਇਹ ਸਿਫ਼ਾਰਸ਼ ਕਰ ਦਿੱਤੀ ਕਿ ਰਸਾਲੇ ਦਾ ਅਕਾਊਂਟੈਂਟ, ਜੋ ਬੜਾ ਲਾਇਕ ਤੇ ਈਮਾਨਦਾਰ ਹੈ, ਵਾਪਸ ਡਿਊਟੀ 'ਤੇ ਆ ਗਿਆ ਹੈ, ਉਸ ਨੇ ਪਿਛਲੇ ਤਿੰਨ ਸਾਲਾਂ ਦਾ ਗੰਧਲਾ ਹੋਇਆ ਪਿਆ ਹਿਸਾਬ ਬਿਲਕੁਲ ਸਾਫ਼ ਤੇ ਠੀਕ ਕਰ ਦਿੱਤਾ ਹੈ। ਮੈਂ ਉਸ ਨੂੰ ਪੰਜ ਸੌ ਰੁਪਏ ਇਨਾਮ ਦਿੱਤਾ ਹੈ ਤੇ ਆਪ ਅੱਗੇ ਸਿਫ਼ਾਰਸ਼ ਕਰਦਾ ਹਾਂ ਕਿ ਜਦੋਂ ਵਕਤ ਆਵੇ, ਇਸ ਨੂੰ ਤਰੱਕੀ ਦਿੱਤੀ ਜਾਵੇ। ਇਹ ਖ਼ਬਰ ਦਫ਼ਤਰ ਦੇ ਹੋਰ ਕਲਰਕਾਂ ਤਕ ਵੀ ਪੁੱਜ ਗਈ।

## ਇਕ ਦੋਖੀ ਦੀ ਕਰਤੂਤ ਅਤੇ ਪੈਨਸ਼ਨ

ਉਨ੍ਹਾਂ ਕਲਰਕਾਂ ਵਿਚ ਇਨ੍ਹਾਂ ਦਾ ਇਕ ਦੋਖੀ, ਜੋ ਇਨ੍ਹਾਂ ਤੋਂ Junior (ਦੂਜੇ ਦਰਜੇ ਤੇ) ਸੀ ਅਤੇ ਬੜਾ ਚਲਾਕ ਤੇ ਜ਼ਾਤ ਦਾ ਸੁਨਿਆਰਾ ਸੀ, ਉਸ ਨੇ ਬੜੀ ਖੁਣਸ ਖਾਧੀ। ਉਹ ਦਿਲ ਵਿਚ ਹੀ ਬਾਊ ਜੀ ਦੇ ਬਰਖ਼ਿਲਾਫ਼ ਲੱਗਾ ਗੋਂਦਾ ਗੁੰਦਣ। ਉਸ ਨੇ ਹਰ ਤਾਂ ਕੁਝ ਨਾ ਲੱਭਾ, ਪਰ ਚੂੰਕਿ ਸ੍ਰੀਮਾਨ ਬਾਊ ਜੀ ਨਿਰੋਲ ਗੁਰਸਿਖੀ ਵਿਚਾਰਧਾਰਾ ਦੇ ਸਨ, ਇਸ ਲਈ ਉਸ ਨੇ ੩੫ ਨੰਬਰ ਰਸਾਲੇ ਦੇ ਹੈੱਡ ਕਲਰਕ ਦੇ ਰਾਹੀਂ ਪੰਜਾਬ ਸੀ.ਆਈ.ਡੀ. ਪਾਸ ਚੁਗਲੀ ਕੀਤੀ ਕਿ ਬਾਊ ਮੱਲ ਸਿੰਘ ਕੱਟੜ ਅਕਾਲੀ ਹੈ। ਨਤੀਜੇ ਵਜੋਂ ਪੰਜਾਬ ਸਰਕਾਰ ਵੱਲੋਂ ਲਿਖਿਆ ਪੱਤਰ ਕਰਨਲ ਨੂੰ ਪੁੱਜ ਗਿਆ ਕਿ ਤੁਹਾਡੇ ਰਸਾਲੇ ਵਿਚ ਇਕ ਦਫ਼ੇਦਾਰ ਮੱਲ ਸਿੰਘ ਹੈ, ਜੋ ਕੱਟੜ ਅਕਾਲੀ ਹੈ ਤੇ ਵੱਡੀ ਜੰਗ ਤੋਂ ਪਹਲਾਂ ਇਸ ਦਾ ਸਰਕਾਰ ਦੇ ਇਕ ਖ਼ਤਰਨਾਕ ਬਾਗ਼ੀ (ਭਾਈ) ਰਣਧੀਰ ਸਿੰਘ ਨਾਰੰਗਵਾਲ (ਲੁਧਿਆਣਾ) ਨਾਲ ਮੇਲ-ਜੋਲ ਤੇ ਮਿਤਰਾਨਾ ਸੀ। ਇਸ ਨੂੰ ਭੀ ਉਸ ਦੇ ਨਾਲ ਹੀ ਕੈਦ ਹੋਣੀ ਸੀ, ਪਰ ਚੂੰਕਿ ਇਹ ਜੰਗ ਛਿੜਨ ਕਰਕੇ ਫਰਾਂਸ, ਚਲਾ ਗਿਆ ਸੀ, ਇਸ ਦਾ ਮੁਕੱਦਮਾ ਸਰਕਾਰ ਨੇ ਬੰਦ ਕਰ ਦਿੱਤਾ ਸੀ। ਹੁਣ ਇਹ ਵਾਪਸ ਆ ਗਿਆ ਹੈ। ਇਸ ਨੂੰ ਨੌਕਰੀ ਤੋਂ ਬਰਤਰਫ਼ ਕਰ ਦਿੱਤਾ ਜਾਵੇ, ਨਹੀਂ ਤਾਂ ਇਸ ਪੁਰ ਮੁਕੱਦਮਾ ਚਲੇਗਾ।

ਸਰਕਾਰ ਦੀ ਇਹ ਚਿੱਠੀ ਪੜ੍ਹ ਕੇ ਕਰਨਲ ਨੇ ਬੜਾ ਅਫ਼ਸੋਸ ਕੀਤਾ ਕਿ ਜਿਸ ਨੂੰ ਮੈਂ ਇਨਾਮ ਦਿੱਤਾ ਅਤੇ ਤਰੱਕੀ ਦੀ ਸਿਫ਼ਾਰਸ਼ ਕੀਤੀ ਹੈ ਉਸ ਬਾਰੇ ਸਰਕਾਰ ਵੱਲੋਂ ਇਨ੍ਹਾਂ



www.AKJ.Org

ਕਰੜੇ ਦੂਸ਼ਨਾਂ ਦੀ ਰਿਪੋਰਟ ਪੁੱਜੀ ਹੈ। ਸੋ ਮੈਂ ਮਜਬੂਰ ਤੇ ਬੇਵਸ ਹੋ ਗਿਆ ਹਾਂ। ਉਸ ਨੇ ਆਪਣੇ ਦਫ਼ਤਰ ਵਿਚ ਵਿਚਾਰ ਕੀਤੀ ਕਿ (ਬਾਊ) ਮੱਲ ਸਿੰਘ ਦੀ ਨੌਕਰੀ ਵੀ ਤਕਰੀਬਨ ਪੂਰੀ ਹੋ ਚੁੱਕੀ ਹੈ, ਇਸ ਲਈ ਉਸ ਨੂੰ ਇਕ ਮੁਰੱਬਾ ਜ਼ਮੀਨ ਇਨਾਮ ਦੇ ਤੌਰ 'ਤੇ, ਅਤੇ ਪੂਰੀ ਪੈਨਸ਼ਨ ਦੇ ਕੇ ਬਾ-ਇੱਜ਼ਤ ਰਿਟਾਇਰ ਕੀਤਾ ਜਾਵੇ। ਜਦੋਂ ਇਹ ਖ਼ਬਰ ਰਸਾਲੇ ਵਿਚ ਪੁੱਜੀ ਤਾਂ ਰਸਾਲੇ ਦੇ ਦੋ ਮੁਸਲਮਾਨ ਰਸਾਲਦਾਰ, ਜੋ ਪਠਾਣ ਸਨ, ਕਰਨ ਦੇ ਪੇਸ਼ ਹੋਏ ਤੇ ਕਹਿਣ ਲੱਗੇ, "ਬਾਊ ਮੱਲ ਸਿੰਘ ਬਾਰੇ ਜੋ ਰਿਪੋਰਟ ਆਪ ਪਾਸ ਪੁੱਜੀ ਹੈ, ਉਹ ਸਰਾਸਰ ਝੂਠੀ ਹੈ। ਅਸੀਂ ਦੋਵੇਂ ਕੁਰਾਨ ਦੀ ਕਸਮ ਖਾ ਕੇ ਕਹਿੰਦੇ ਹਾਂ ਕਿ ਬਾਊ ਮੱਲ ਸਿੰਘ ਪੁਲੀਟੀਕਲ ਆਦਮੀ ਨਹੀਂ ਹੈ, ਉਹ ਧਰਮੀ ਤੇ ਖ਼ੁਦਾ-ਪ੍ਰਸਤ ਆਦਮੀ ਹੈ, ਖ਼ੁਦਾ ਦੀ ਬੰਦਗੀ ਕਰਨ ਵਾਲਾ ਫ਼ਕੀਰ ਹੈ। ਸਾਰਾ ਰਸਾਲਾ, ਕੀ ਸਿੱਖ ਤੇ ਕੀ ਮੁਸਲਮਾਨ, ਉਸ ਦੀ ਬਹੁਤ ਇੱਜ਼ ਕਰਦੇ ਹਨ। ਤੁਸੀਂ ਇਹ ਕੀ ਕਰਨ ਲੱਗੇ ਹੋ? ਸਾਡੇ ਰਸਾਲੇ ਵਿਚ ਇਕੋ ਇਕ ਚੰਗਾ ਬੰਦਾ ਹੈ, ਤੁਸੀਂ ਉਸ ਨੂੰ ਕੱਢਣ ਲੱਗੇ ਹੋ?" ਤਾਂ ਕਰਨਲ ਸਾਹਿਬ ਨੇ ਠਰ੍ਹੰਮੇ ਨਾਲ ਜਵਾਬ ਦਿੱਤਾ ਕਿ ਮੇਰਾ ਵੀ ਬਾਊ ਮੱਲ ਸਿੰਘ ਬਾਬਤ ਹੱਛਾ ਖਿਆਲ ਹੈ, ਪਰ ਮੈਂ ਕੀ ਕਰਾਂ, ਉਪਰੋਂ ਆਏ ਇਸ ਹੁਕਮ ਨੂੰ ਮੋੜਨਾ ਵੀ ਮੁਸ਼ਕਲ ਹੈ। ਮੈਂ ਸੋਚ ਕੇ ਫ਼ੈਸਲਾ ਕੀਤਾ ਹੈ। ਚੰਗੇ ਕੰਮ ਬਦਲੇ ਇਸ ਨੂੰ ਇਕ ਮੁਰੱਬਾ ਜ਼ਮੀਨ ਇਨਾਮ ਦੇ ਰਿਹਾ ਹਾਂ ਅਤੇ ਪੂਰੀ ਪੈਨਸ਼ਨ ਦੇ ਕੇ ਸਾਰੇ ਰਸਾਲੇ ਵੱਲੋਂ ਪੂਰੇ ਸਤਿਕਾਰ ਤੇ ਪਿਆਰ ਨਾਲ ਤੋਰਾਂਗਾ।

ਜੰਗ ਤੋਂ ਵਾਪਸ ਆ ਕੇ ਦੋ ਸਾਲ ਚੰਗੀ ਨੌਕਰੀ ਕਰ ਕੇ ਜਦੋਂ ਤਰੱਕੀ ਦਾ ਵਕਤ ਆਇਆ ਤਾਂ ਦਾਤਾ ਜੀ ਦੇ ਹੁਕਮ ਵਿਚ, ਦੋਖੀਆਂ ਵੱਲੋਂ ਚੁਗਲੀ ਹੋ ਜਾਣ ਕਰਕੇ, ੧੯੨੦ ਵਿਚ ਪੈਨਸ਼ਨ ਤੇ ਘਰ ਆ ਗਏ। ਸਾਰੇ ਪਰਵਾਰ ਨੇ ਬੜੀ ਖ਼ੁਸ਼ੀ ਮਨਾਈ ਕਿ ਮੁਰੱਬਾ ਜ਼ਮੀਨ ਦਾ ਮਿਲ ਗਿਆ ਹੈ। ਘਰ ਆ ਕੇ ਕੁਝ ਸਮੇਂ ਪਿਛੋਂ ਇਹ ਮੁਰੱਬਾ ਆਪ ਜਹੀ ਨੂੰ ਜ਼ਿਲ੍ਹਾ ਮਿੰਟਗੁਮਰੀ ਵਿਚ ਉਕਾੜੇ ਲਾਗੇ ਚਕ ਨੰਬਰ ੫੨/੨-ਐਲ ਵਿਚ ਅਲਾਟ ਹੋ ਗਿਆ ਸੀ।

## ਅਨੰਦ ਕਾਰਜ ਦੇ ਗੁਰਮਤਿ ਨਿਯਮ

ਘਰ ਪੈਨਸ਼ਨ ਆ ਕੇ ਸ੍ਰੀਮਾਨ ਬਾਊ ਜੀ ਨੇ ਆਪਣੀ ਵੱਡੀ ਬੀਬੀ ਸੰਤ ਕੌਰ ਦੇ ਅਨੰਦ ਕਾਰਜ ਕਰਨ ਦੀ ਵੀਚਾਰ ਕੀਤੀ। ਇਸੇ ਮੰਤਵ ਲਈ ਆਪ ਜੀ ਨੇ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਦੇ ਦਰਸ਼ਨ ਇਸ਼ਨਾਨ ਕਰ ਕੇ ਬੀਬੀ ਕੇ ਸਹੁਰਾ ਸਾਹਿਬ ਭਾਈ ਰਣਧੀਰ ਸਿੰਘ ਪਿੰਡ ਪੱਖ ਨੂੰ ਬੁਲਾ ਭੇਜਿਆ। ਉਨ੍ਹਾਂ ਨਾਲ ਵੀਚਾਰ-ਵਟਾਂਦਰੇ ਪਿਛੋਂ ਅਨੰਦ ਕਾਰਜ ਦੀਆਂ ਤਰੀਕਾਂ ਨੀਯਤ ਕਰ ਲਈਆਂ ਅਤੇ ਨਾਲ ਹੀ ਇਸ ਅਨੰਦ ਕਾਰਜ ਸੰਬੰਧੀ ਗੁਰਮਤਿ ਨਿਯਮ, ਜੋ ਬਾਊ ਜੀ ਨੇ ਪਹਿਲੇ ਤਿਆਰ ਕੀਤੇ ਹੋਏ ਸਨ, ਪੜ੍ਹ ਕੇ ਸੁਣਾ ਦਿੱਤੇ ਕਿ ਇਨ੍ਹਾਂ 'ਤੇ ਅਮਲ ਕਰਨਾ ਹੈ। ਕੁੜਮ ਵੱਲੋਂ ਖ਼ੁਸ਼ੀ-ਖ਼ੁਸ਼ੀ ਪੂਰੀ ਸਹਿਮਤੀ ਲੈ ਕੇ, ਗੱਡੀ ਚੜ੍ਹ ਕੇ ਲਾਇਲਪੁਰ ਨਾਗੋਕੀ ਸਰਲੀ ਘਰ ਪੁਜ ਗਏ।

## ਆਨੰਦ ਕਾਰਜ ਦੇ ਨਿਯਮ ਹੇਠ ਲਿਖੇ ਅਨੁਸਾਰ ਹਨ:

(੧) ਬਰਾਤ ਦੀ ਗਿਣਤੀ ਘਟ ਤੋਂ ਘਟ ਪੰਚ ਪਰਵਾਨੀ ਹੋਵੇ ਤਾਂ ਸਭ ਤੋਂ ਚੰਗਾ।

(੨) ਸਾਰੇ ਜਾਂਞੀ ਜਿਥੋਂ ਤਕ ਹੋ ਸਕੇ, ਅੰਮ੍ਰਿਤਧਾਰੀ ਗੁਰਸਿਖ ਹੋਣ।

(੩) ਵਾਜੇ ਗਾਜੇ, ਘੋੜੀ ਵਰੀ ਆਦਿ ਕਿਸੇ ਦਿਖਾਵੇ ਦੀ ਲੋੜ ਨਹੀਂ।

(੪) ਆਤਸ਼ਬਾਜ਼ੀ ਅਤੇ ਸੋਟ ਦੀ ਲੋੜ ਨਹੀਂ।

(੫) ਲਾੜੇ ਨੂੰ ਸੇਹਰੇ ਬੰਨ੍ਹਣ ਦੀ ਲੋੜ ਨਹੀਂ।

(੬) ਜੰਞ ਦਾ ਸੁਆਗਤ ਸ਼ਬਦ-ਕੀਰਤਨ ਨਾਲ ਕੀਤਾ ਜਾਏ। ਇਸ ਕੀਰਤਨ ਵਿਚ ਜਾਂਞੀ ਭੀ ਸ਼ਾਮਲ ਹੋਣ।

(੭) ਅਰਦਾਸ ਪਿੱਛੋਂ ਦੋਹਾਂ ਧਿਰਾਂ ਦਾ ਮਿਲਾਪ ਹੋਵੇ।

(੮) ਅਨੰਦ ਕਾਰਜ ਦਾ ਪ੍ਰਬੰਧ ਘਰ ਵਿਖੇ ਜਾਂ ਗੁਰਦੁਆਰੇ ਸਾਹਿਬ ਹੋਵੇ।

(੯) ਅੰਮ੍ਰਿਤ ਵੇਲੇ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਹੋਵੇ। ਕੀਰਤਨ ਵਿਚ ਲੜਕਾ ਤੇ ਲੜਕੀ ਵੀ ਸ਼ਾਮਲ ਹੋਣ ਤੇ ਅਨੰਦ ਕਾਰਜ ਸਮੇਂ ਸੰਗਤ ਵਿਚੋਂ ਉਠ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਹਮਣੇ ਹਜ਼ੂਰੀ ਵਿਚ ਸਜ ਜਾਣ।

(੧੦) ਬੀਬੀ ਅਨੰਦ ਕਾਰਜ ਸਮੇਂ ਖੁਲ੍ਹੇ ਮੂੰਹ (ਬਿਨਾਂ ਘੁੰਢ ਕਢੇ) ਬੈਠੇ।

(੧੧) ਅਨੰਦ ਕਾਰਜ ਦੀ ਅਰੰਭਤਾ ਦੀ ਅਰਦਾਸ ਕਰ ਕੇ ਭੁਜੰਗੀ ਤੇ ਭੁਜੰਗਣ ਨੂੰ ਗੁਰਮਤਿ ਗ੍ਰਿਹਸਤੀ ਜੀਵਨ ਦੇ,



www.AKJ.Org

ਗੁਰਬਾਣੀ ਅਨੁਸਾਰ ਅਸੂਲ ਸਮਝਾਏ ਜਾਣ। ਦੋਵੇਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕ ਕੇ ਪ੍ਰਵਾਨਗੀ ਦੇਣ ਤੇ ਲਾਵਾਂ ਦਾ ਪਾਠ ਹੋਵੇ। ਹਰੇਕ ਲਾਂਵ ਨਾਲ ਜੋੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਰਕਰਮਾ ਕਰੇ।

(੧੨) ਲਾਵਾਂ ਮਗਰੋਂ ਅਨੰਦ ਸਾਹਿਬ (੬ ਪਉੜੀਆਂ) ਦੇ ਪਾਠ ਕੀਰਤਨ ਪਿੱਛੋਂ ਜੋੜੀ ਨੂੰ ਗੁਰਮਤਿ ਸੁਖੀ ਗ੍ਰਿਹਸਤ ਜੀਵਨ ਦੀ ਅਸੀਸ ਦੇਣ ਲਈ ਫਿਰ ਅਰਦਾਸ ਸਮੂਹ ਸੰਗਤ ਵੱਲੋਂ ਕੀਤੀ ਜਾਵੇ ਤੇ ਦੀਵਾਨ ਦੀ ਸਮਾਪਤੀ ਕੀਤੀ ਜਾਵੇ।

(੧੩) ਦਾਜ ਦੇਣ ਲੈਣ ਤੇ ਖਟ ਦਿਖਾਲਣ ਦੀ ਰਸਮ ਨਹੀਂ ਕਰਨੀ, ਕੇਵਲ ਸਧਾਰਨ ਵਰਤੋਂ ਵਾਲੇ ਲੁੜੀਂਦੇ ਕਪੜੇ ਹੀ ਇਕ ਦੋ ਜੋੜੇ ਦਿੱਤੇ ਜਾਣ।

## ਗੁਰਮਤਿ ਵਿਵਾਹ:

ਬੀਬੀ ਸੰਤ ਕੌਰ ਦੇ ਅਨੰਦ ਕਾਰਜ ਦੀ ਲੁੜੀਂਦੀ ਤਿਆਰੀ ਸ਼ੁਰੂ ਹੋ ਗਈ। ਪਿਆਰਾਨਿ-ਪਿਆਰ ਕਰਨਲ ਪਿਆਰਾ ਸਿੰਘ ਜੀ, ਜੋ ਸ੍ਰੀਮਾਨ ਬਾਊ ਜੀ ਦੇ ਗੂੜ੍ਹੇ ਮਿੱਤਰ ਸਨ, ਭੀ ਪੁਜ ਗਏ। ਦਾਸ (ਲੇਖਕ) ਭੀ ਖ਼ਾਲਸਾ ਕਾਲਜ ਤੋਂ ਛੁੱਟੀ ਲੈ ਕੇ ਆ ਗਿਆ। ਨੀਯਤ ਤਰੀਕ 'ਤੇ ਬਰਾਤ ਪਿੰਡ ਵਿਚ ਪੁੱਜ ਗਈ, ਜਿਸ ਵਿਚ ਭੁਜੰਗੀ ਭਗਤ ਸਿੰਘ, ਉਨ੍ਹਾਂ ਦੇ ਪਿਤਾ ਭਾਈ ਰਣਧੀਰ ਸਿੰਘ, ਭੁਜੰਗੀ ਦੇ ਮਾਤਾ ਜੀ, ਉਨ੍ਹਾਂ ਦੇ ਵੱਡੇ ਭਾਈ ਦੀ ਬੱਚੀ, ਕੇਵਲ ਚਾਰ ਜਣੇ ਹੀ ਆਏ। ਬਰਾਤ ਦਾ ਗੁਰਦੁਆਰੇ ਦੇ ਪਾਸ ਕੀਰਤਨ ਕਰਦਿਆਂ ਸੁਆਗਤ ਕੀਤਾ ਗਿਆ। ਮਿਲਣੀ ਕੀ ਅਰਦਾਸ ਪਿੱਛੋਂ ਸਾਰੇ ਘਰ ਪੁਜ ਗਏ। ਬਰਾਤ ਦਾ ਬਿਸਰਾਮ, ਘਰ-ਬੈਠਕ ਵਿਚ ਹੀ ਕੀਤਾ ਗਿਆ। ਅਗਲੇ ਦਿਨ ਅੰਮ੍ਰਿਤ ਵੇਲੇ ਦੀਵਾਨ ਸਜ ਗਿਆ। ਆਸਾ ਦੀ ਵਾਰ ਦਾ ਕੀਰਤਨ ਹੋਇਆ, ਜਿਸ ਵਿਚ ਬਰਾਤੀਆਂ ਨੇ ਪੂਰਾ ਹਿੱਸਾ ਲਿਆ। ਵਾਰ ਦੇ ਭੋਗ ਤੋਂ ਉਪਰੰਤ ਭੁਜੰਗੀ ਤੇ ਬੀਬੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਨੀਯਤ ਥਾਂ 'ਤੇ ਬੈਠ ਗਏ। ਜਦੋਂ ਮਾਨਯੋਗ ਬਾਊ ਜੀ ਅਨੰਦ ਕਾਰਜ ਦੇ ਅਰੰਭ ਦੀ ਅਰਦਾਸ ਕਰਨ ਲਈ ਉਠੇ ਤਾਂ ਪਹਿਲਾਂ ਬੀਬੀ ਪਾਸ ਪੁਜ ਕੇ, ਉਸ ਦੇ ਮੂੰਹ ਉਪਰ ਲਿਆ ਕਪੜਾ ਹੋਰ ਚੁਕ ਦਿੱਤਾ ਤੇ ਕਹਿਣ ਲੱਗੇ ਕਿ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਮੂੰਹ 'ਤੇ ਕੋਈ ਕਪੜਾ ਨਹੀਂ ਕਰਨਾ। ਫਿਰ ਅਰਦਾਸ ਕਰ ਕੇ ਜੋੜੀ ਨੂੰ ਗੁਰਮਤਿ ਸਿਖਿਆ ਉਨ੍ਹਾਂ ਨੇ ਆਪ ਦਿੱਤੀ ਅਤੇ ਮੱਥਾ ਟਿਕਵਾ ਕੇ ਮਨਜ਼ੂਰੀ ਲਈ। ਫਿਰ ਲਾਵਾਂ ਆਰੰਭ ਹੋਈਆਂ। ਫੇਰੇ ਹੋਏ ਅਤੇ ਅਨੰਦ ਸਾਹਿਬ ਦੇ ਪਾਠ ਪਿੱਛੋਂ ਦੀਵਾਨ ਵਿਚ ਹਾਜ਼ਰ ਸਾਰੀ ਸੰਗਤ ਵੱਲੋਂ ਅਰਦਾਸ ਹੋਈ ਅਤੇ ਦੀਵਾਨ ਦੀ ਸਮਾਪਤੀ ਹੋਈ।

ਇਸ ਗੁਰਮਤੀ ਅਨੰਦ ਕਾਰਜ ਦੇ ਦਾਵਾਨ ਦੀ ਖ਼ਾਸ ਵਰਨਣ ਯੋਗ ਗੱਲ ਇਹ ਹੈ ਕਿ ਇਸ ਕਾਰਜ ਨੂੰ, ਜੋ ਆਮ ਲੁਕਾਈ ਲਈ ਇਕ ਨਵੀਂ ਰੀਤ ਸੀ, ਵੇਖਣ ਵਾਸਤੇ ਇਲਾਕੇ ਦੇ ਪਤਵੰਤੇ ਸਜਣ ਤੇ ਗੁਰਮੁਖ ਪਿਆਰੇ ਬੜੇ ਹੁਮ-ਹੁਮਾ ਕੇ ਪੁਜੇ ਹੋਏ ਸਨ। ਨਾਲ ਦੇ ਪਿੰਡ ਚਕ ਨੰਬਰ ੮੧ ਝੰਗ ਬਰਾਂਚ ਦੇ ਖ਼ਾਲਸਾ ਹਾਈ ਸਕੂਲ ਦੇ ਹੈੱਡਮਾਸਟਰ, ਆਪਣੇ ਸਾਥੀ ਮਾਸਟਰਾਂ ਅਤੇ ਲਗਪਗ ਪੰਜਾਹ-ਸੱਠ ਸਿਆਣੇ ਵਿਦਿਆਰਥੀਆਂ ਨੂੰ ਨਾਲ ਲੈ ਕੇ ਆਏ, ਇਹ ਦਿਖਾਉਣ ਲਈ ਕਿ ਗੁਰਮਤਿ ਅਨੰਦ ਕਾਰਜ ਇਸ ਤਰ੍ਹਾਂ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦੀਵਾਨ ਵਿਚ ਭਾਰੀ ਇਕੱਠ ਹੋ ਗਿਆ ਅਤੇ ਖ਼ੂਬ ਰੌਣਕਾਂ ਲੱਗ ਗਈਆਂ। ਉਲੀਕੇ ਪ੍ਰੋਗਰਾਮ ਅਨੁਸਾਰ ਗੁਰਮਤਿ ਦੇ ਸਾਰੇ ਨਿਯਮ ਪੂਰੇ ਕਰਦੇ ਹੋਏ ਅਨੰਦ ਕਾਰਜ ਸਮਾਗਮ ਬੜੀਆਂ ਖੁਸ਼ੀਆਂ ਵਿਚ ਸਮਾਪਤ ਹੋਇਆ ਤੇ ਸ਼ਾਮ ਨੂੰ ਬਰਾਤ ਨੂੰ ਬੀਬੀ ਸਮੇਤ ਵਿਦਾ ਕੀਤਾ। ਇਹ ਅਨੰਦ ਕਾਰਜ ਪਿੰਡ ਨਾਗੋਕੀ ਸਰਲੀ ਚੱਕ ਨੰਬਰ ੭੧-ਝੰਗ ਬਰਾਂਚ ਜਿਲ੍ਹਾ ਲਾਇਲਪੁਰ ਵਿਚ ੧੯੨● ਵਿਚ ਹੋਇਆ, ਜਿਸ ਦੀ ਗੁਰਮਤਿ ਨਜ਼ੀਰ ਦੀਆਂ ਸਾਰੇ ਇਲਾਕੇ ਵਿਚ ਧੁੰਮਾਂ ਪੈ ਗਈਆਂ।

ਉਪਰੋਕਤ ਨਿਯਮਾਂ ਅਨੁਸਾਰ ਹੀ ਬੀਬੀ ਸੰਤ ਕੌਰ ਤੋਂ ਪਿੱਛੋਂ ਬੀਬੀ ਨਰਿੰਦਰ ਕੌਰ ਦਾ ਅਨੰਦ ਕਾਰਜ ਹੋਇਆ। ਫਿਰ ਜਦੋਂ ੧੯੩੮ ਵਿਚ ਛੋਟੀ ਬੀਬੀ ਗਿਆਨ ਕੌਰ ਦੇ ਅਨੰਦ ਕਾਰਜ ਦਾ ਵੇਲਾ ਆਇਆ ਤਾਂ ਸ੍ਰੀਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਭੀ, ਜੋ ੧੯੩● ਵਿਚ ਜੇਲ੍ਹ-ਯਾਤਰਾ ਤੋਂ ਰਿਹਾਅ ਹੋ ਕੇ ਘਰ ਆ ਗਏ ਹੋਏ ਸਨ, ਇਸ ਅਨੰਦ ਕਾਰਜ ਵਿਚ ਸ਼ਾਮਲ ਹੋਏ। ਭਾਈ ਸਾਹਿਬ ਅਨੰਦ ਕਾਰਜ ਦੇ ਇਹ ਨਿਯਮ ਵੇਖ ਕੇ ਬੜੇ ਪ੍ਰਸੰਨ ਹੋਏ ਅਤੇ ਅੱਗੋਂ ਅਨੰਦ ਕਾਰਜਾਂ ਲਈ ਇਹ ਨਿਯਮ ਪੱਕੇ ਤੌਰ 'ਤੇ ਪਰਵਾਨ ਕਰ ਲਏ ਗਏ।

*(ਬਾਕੀ ਅਗਲੇ ਅੰਕ ਵਿਚ)*



www.AKJ.Org

# KUTHA

-Col. Brijinder Singh

Kutha (ਕੁੱਠਾ) han been used in Gurbani. In Asa-ki-Vaar, which is traditionally recited in Gurdwaras every morning, Guru Nanak Sahib Says:

*ਮਥੈ ਟਿਕਾ ਤੇੜਿ ਧੋਤੀ ਕਖਾਈ॥*
*ਹਥਿ ਛੁਰੀ ਜਗਤ ਕਾਸਾਈ॥*
*ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥*
*ਮਲੇਛ ਧਾਨੁ ਲੇ ਪੂਜਹਿ ਪੁਰਾਣੁ॥*
*ਅਭਾਖਿਆ ਕਾ ਕੁਠਾ ਬਕਰਾ ਖਾਣਾ॥*
*ਚਉਕੇ ਉਪਰਿ ਕਿਸੈ ਨ ਜਾਣਾ॥...*

*(ਪੰਨਾ-੪੭੧)*

ਪਦ ਅਰਥ:-

ਕਖਾਈ-ਗੇਰੀ ਰੰਗ ਵਾਲੀ; ਜਗਤ ਕਸਾਈ-ਜਗਤ ਦਾ ਕਸਾਈ, ਜਗਤ ਦੇ ਹਰ ਜੀਵ ਉੱਤੇ ਜ਼ੁਲਮ ਕਰਨ ਵਾਲਾ; ਹੋਵਹਿ ਪਰਵਾਣੁ-ਕਬੂਲ ਹੁੰਦੇ ਹਨ, ਭਾਵ-ਮੁਲਾਜ਼ਮਤ ਵੇਲੇ ਨੀਲੇ ਕਪੜੇ ਪਹਿਨ ਕੇ ਜਾਂਦੇ ਹਨ (ਤਾਂ ਹੀ ਹਾਕਮਾਂ ਦੇ ਸਾਹਮਣੇ ਜਾਣ ਦੀ ਆਗਿਆ ਮਿਲਦੀ ਹੈ); ਅਭਾਖਿਆ-ਕਿਸੇ ਦੂਜੀ ਬੋਲੀ ਦਾ, ਭਾਵ-ਕਲਮਾ ਪੜ੍ਹ ਕੇ; ਕੁਠਾ-ਜ਼ਿਬਹਿ ਕੀਤਾ, ਕੁਹ ਕੇ ਮਾਰਿਆ।

These people apply 'Tilak' on their foreheads and wear ochre coloured 'Dhotis'. Yet their actions are cruel and brutal. They wear blue coloured clothes while going fro their jobs provided by their rulers (who are Muslims). Only by wearing blue clothes, are they allowed/permitted to work. They take their livelihood and sustenance from their rulers/employers, whom they call ਮਲੇਛ i.e. barbarian and uncivilised (foreign invadors). Yet they claim that they are living and offering prayers as per their religious books--- Puranas. That is not all. They eat meat, which has been obtained as a result of killing of the goat(s) according to the Muslim tradition(s)/ custom(s), i.e., by recitation of 'Kalma'.

In ਅਭਾਖਿਆ ਕਾ ਕੁਠਾ ਬਕਰਾ ਖਾਣਾ॥, it is quite evident that Kutha (ਕੁੱਠਾ) by itself means killed. "Kutha Bakra" (ਕੁੱਠਾ ਬਕਰਾ) means killed goat (meat). "Abhakhia ka Kutha Bakra" (ਅਭਾਖਿਆ ਕਾ ਕੁਠਾ ਬਕਰਾ) would therefore stand for--- that goat meat which has been obtained as a result of killing of the animal by reciting 'Kalma'.

SGPC booklet on Rehat Maryada says Kutha (ku`Tw) is taboo for the Sikh. It does not mention Jhatka at all. However, the booklet categorically mentions that a Sikh should not eat meat which is Halal i.e. obtained by using the Muslim method of killing. In other words, it has been accepted that **Halal is taboo for a Sikh.**

Why has the SGPC booklet omitted Jhatka? The only reason perhaps is that it has been deliberately done so that the ambiguity should remain. This is very unfortunate because it has left a loophole for the backdoor entry of a Cardinal Sin ਬੱਜਰ ਕੁਰਹਿਤ into the Sikh Religion.

### Jhatka or Halal?

Jhatka, though currently in use, does not occur anywhere in Guru Granth Sahib. Bhai Gurdas has also not used it in his Varaan. It also does not occur in any old historical document. The SGPC Booklet on Rehat Maryada does not mention it either, though it prohibits a Sikh from eating Kutha which it says is that meat which is prepared according to the Muslim custom. It cannot



www.AKJ.Org

be said, when exactly usage of the word Jhatka started.

In the Mahan Kosh written by Bhai Kahn Singh, Jhatka has been explained as that meat which is obtained by killing an animal with one blow while saying Sat Sri Akal.

All the Sikhs do not eat Jhatka. Majority of them who eat meat, do so without knowing or ensuring whether they are eating Jhatka or Halal. The number of those who do not eat meat is comparatively small. But the fact that the majority eats it certainly does not mean that Gurmat allows it. In fact those who follow Gurmat have always been in a minority. Guru Sahib himself says:

(ੳ) ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ॥
(ਅ) ਕੋ ਵਿਰਲਾ ਗੁਰਮਤਿ ਚਲੈ ਜੀਉ॥
(ੲ) ਜੋ ਤੁਧੁ ਸਚੁ ਧਿਆਇਦੇ ਸੇ ਵਿਰਲੇ ਥੋੜੇ॥
(ਸ) ਸਚਿ ਰਤੇ ਸੇ ਟੋਲਿ ਲਹੁ ਸੇ ਵਿਰਲੇ ਸੰਸਾਰਿ॥ ਤਿਨ ਮਿਲਿਆ ਮੁਖੁ ਉਜਲਾ ਜਪਿ ਨਾਮ ਮੁਰਾਰਿ॥
(ਹ) ਵਿਰਲੇ ਕਉ ਗੁਰਿ ਸਬਦੁ ਸੁਣਾਇਆ। ਕਰਿ ਕਰਿ ਦੇਖੈ ਹੁਕਮੁ ਸਬਾਇਆ॥ ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪ੍ਰਗਟੀ ਆਇਆ॥
(ਕ) ਇਕਸੁ ਦੁਹੁ ਚਹੁ ਕਿਆ ਗਣੀ, ਸਭ ਇਕਤੁ ਸਾਦਿ ਮੁਠੀ॥ ਇਕੁ ਅਧੁ ਨਾਇ ਰਸੀਅੜਾ ਕਾ, ਵਿਰਲੀ ਜਾਇ ਵੁਠੀ॥੩॥(੨੧੮)
(ਖ) ਸਤਿਗੁਰੂ ਹੈ ਬੋਹਿਥਾ ਕਿਨੈ ਵੀਚਾਰਿਆ॥ ਕਰਿ ਕਿਰਪਾ ਪਾਰਿ ਉਤਾਰਿਆ॥ (੪੭੦)

(a) In the world the number of noble and good people is small.

(b) Very few will follow the path of Gurmat.

(c) Those who repeat His name are few.

(d) You have to make an effort to locate those few, who are drenched and soaked in His Name. When you meet such blessed souls, you will feel inner peace and tranquility and you will feel compelled to start repeating His Name.

(e, f & g) The Lord reveals His Name to very few............

The above quotations from Gurbani (there are plenty more), make it quite evident that the Creator willed it, hence the number of those who choose to follow His path, will always be small: ਵਿਰਲੇ. The others are born to waste their lives in pursuits other than Gurmat. They will always have excuses for their evil ways. They will always have doubts and they will keep on arguing for the sake of argument. It is those ਵਿਰਲੇ, those few, who accept willingly wihtout any reservations, what the Guru has to say i.e., the Guru's Word, the Guru's Command- the Gurbani, whom the Guru blesses. And it is those few, ਵਿਰਲੇ, whom the Sikh Panth revers.

The foundation of Khalsa Panth was laid by Guru Gobind Singh Sahib. At that time only five Sikhs were blessed by Him, who had no reservations about sacrificing themselves.

The weakness of the majority cannot be accepted as the Code laid down by the Guru. There was a time, in the recent past, when those who trimmed or cut their hair was very small. The situation today is that the number of those who keep unshorn hair, is very small. That certainly does not mean that the Sikh religion permits hair cutting/trimming. In fact anybody who does so, is not a Sikh, since that person becomes guilty of committing one fo the Cardinal Sins (ਬੱਜਰ ਕਰਹਿਤ). Such people are called 'Patit'--apostatei.e., those who have fallen in disgrace in the Sikh Religious sense. Unfortunately the number of such persons is on the increase amongst



www.AKJ.Org

the Sikhs. The reasons for that, are many.

Some say, 'Let the individual decide if he or she wants to eat Jhatka'. Gurmat does not allow this option. The Guru (Guru Granth Sahib) is there. And the Code is there. One cannot do whatsoever pleases one. If that were to be allowed, then there would be no limit to what an individual would do. It would mean you can follow your religion, whether you drink or you do not drink, you smoke or you do not smoke, you indulge in sex outside marriage or you don not, you keep Rehat or you don't, you eat Jhatka or you don't, you listen to your Guru-Gurbani or you don't. Gurmat certainly does not permit that.

The fact that Gurbani does not mention Jhatka, does not mean that it allows or permits its usage. There are innumerable references in Gurbani about killing animals and meat eating. Had this word been in use at the time of the Gurus, then surely they would have mentioned it, just as Gurbani mentions Halal.

The advocates of Jhatka say that Sikh Religion permits eating Jhatka and not Halal. Let us first see what the Gurbani says about Halal:

ਕਬੀਰ ਜੀਅ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲੁ॥
ਦਫਤਰੁ ਦਈ ਜਬ ਕਾਢਿ ਹੈ ਹੋਇਗਾ ਕਉਨੁ ਹਵਾਲੁ॥੧੯੯॥

*(ਪੰਨਾ-੧੩੭੫)*

Gurbani says that those who kill the animals and then label it as Halal, what answer they are asked to justify it in the True Court. The guiding principle that accrues from the above is that it is not permissible to kill an animal for the sake of eating it, whether you label it as Halal or you name it by any other name.

Halal, as we all know is eaten by the Muslims. Had Jhatka been in use at the time of the Gurus, then surely the above quotation would have read as:

ਕਬੀਰ ਜੀਅ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਝਟਕਾ॥..

Guru Sahib doesn't have two views on a particular subject--one for the Sikhs and the other for the Muslims.

ਸਤਿਗੁਰੁ ਪੁਰਖੁ ਦਇਆਲੁ ਹੈ ਜਿਸ ਨੋ ਸਮਤੁ ਸਭੁ ਕੋਇ॥
ਏਕ ਦ੍ਰਿਸਟਿ ਕਰਿ ਦੇਖਦਾ ਮਨ ਭਾਵਨੀ ਤੇ ਸਿਧਿ ਹੋਇ॥

*(ਗਉੜੀ ਕੀ ਵਾਰ ਮਹਲਾ ੪)*

Guru Sahib looks at the entire mankind with the same benevolence and His Word is for the benefit of all human beings. His views are common and are applicable to all:

ਪਰਥਾਇ ਸਾਖੀ ਮਹਾਪੁਰਖ ਬੋਲਦੇ ਸਾਝੀ ਸਗਲ ਜਹਾਨੈ॥
ਗੁਰਮੁਖਿ ਹੋਇ ਸੁ ਭਉ ਕਰੇ ਆਪਣਾ ਆਪੁ ਪਛਾਣੈ॥ (੬੪੭)

ਪੂਜਾ ਤਿਲਕ ਕਰਤ ਇਸਨਾਨਾ॥
ਛੁਰੀ ਕਾਢਿ ਲੇਵੈ ਹਥਿ ਦਾਨਾ॥੨॥
ਬੇਦੁ ਪੜੈ ਮੁਖਿ ਮੀਠੀ ਬਾਣੀ॥
ਜੀਆਂ ਕੁਹਤ ਨ ਸੰਗੈ ਪਰਾਣੀ॥੩॥ (੨੦੧)

Here Guru Sahib takes to task those Hindu Brahmins who do Puja, apply 'Tilak' to their forehead, face and other parts of the body, read Vedas in a sweet tone, and despite doing the above, whedn it comes to killing of animals, they do not hesitate for a second in taking up the knife to do the job of merciless slaughter. As far as the Sikhs are concerned, if their Guru has said something in relation to Halal eaten by Musilims, and Brahmins who don't think twice before mercilessly slaughtering an animal, how could the same



www.AKJ.Org

Guru permit Jhatka (killing and eating) to his Sikhs, because in essence it means eating meat.

Let us consider the difference between Halal and Jhatka. In both, the animal is slaughtered. The poor creature sees and perceives its impending death. If you have any doubt, go and visit any slaughter house where animals are killed daily for consumption by man. Mostly the operation stars early in the morning, so that the meat is available in the market in time.

Every city has its own slaughter house where the animals who have been thirsty and hungry for a number of days are brought jam-packed in trucks or rail or just driven so that they are there before the slaughter starts. The animals cry out. They don't want to be killed. They are mercilessly dragged to be killed. It is a heart rending scene to be seen by all those who eat meat. And having seen it if they still want to carry on eating meat, then there is no point in preaching or teaching such people niceties such as qualities of compassion, fellow feeling, sharing of pain and suffering. This scene has been described by Guru Nanak Saihb:

ਲਾਹੌਰ ਸਹਰ ਜਹਰੁ ਕਹਰ ਪਹਰ॥੨੭॥ (੧੪੧੨)

*The time: early morning, it is still more than three hours before daybreak.*

The place: the city of Lahore.

**What Should happen:** A Sikh gets up, has a bath, repeats His Name; he does not waste even a single breath (each breath is a gift of Almighty God for repeating His Name).

**What happens actually:** A dreadful calamity takes place every morning (instead of Lord's praise) till daybreak (for the sake of eating meat) animals are mercilessly tortured and slaughtered (whereas the people of Lahore are still fast asleep). (Guru Granth Sahib Darpan by Prof. Sahib Singh Vol X page 587)

It makes no difference to the poor animal who is being killed, whether the killing weapon comes down on its neck in one stroke or twice or several times and whether or not the killer says Sat Sri Akal or anything else. In fact how many butchers who actually carry out the slaughtering say Sat Sri Akal or even know that they have to say it? And even if some butcher does sayt it, it is nothing but amounts to mockery of the Religion of Guru Nanak Sahib as enshrined in the Holy Guru Granth Sahib. The Guru perceives it and says that it is torture and agony (ਜ਼ਹਿਰ ਤੇ ਕਹਿਰ, ਜ਼ੋਰ ਤੇ ਜ਼ੁਲਮ) of the highest order which the animal has to suffer. Death is after all very dreadful and every living being is scared of it, no one wants to die, everyone wants to live- death may be inflicted suddenly or slowly, as in Halal, the effect on the poor animal is the same- before, during and after the death blow (s) is (are) inflicted, When life leaves the body of the poor creature and death finally overpowers, the torture and agonizing convulsions (ਤੜਫਣਾ) that the poor aninal has to go through, is a scene that by itself is agonizing and extremely painful for the person who sees it. It is the same when a fish is hooked and taken out of water, or a chicken or a goat or a sheep when its head is cut off. Inflicting pain and torture before, during and after the poor animal is killed, is a gory and nauseating sight which any sane person with a feeling for others, would rather not see.

*(Remaining Part in Next Issue)*



www.AKJ.Org

# ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਾਉਂਟਾ ਵਿਖੇ ਨਿਵਾਸ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਪਵਿੱਤਰ ਬਾਣੀ ਦਾ ਬਹੁਤ ਸਾਰਾ ਹਿੱਸਾ, ਪਾਉਂਟਾ ਨਗਰ ਵਿਚ ਹੀ ਲਿਖਿਆ। ਕਵਿਤਾ ਲਿਖਣ ਦਾ ਢੰਗ ਉਹਨਾਂ ਦਾ ਬੜਾ ਦਿਲ ਖਿੱਚਵਾਂ ਸੀ। ਰਾਤੀਂ ਅਖੀਰਲਾ ਪਹਿਰ ਸ਼ੁਰੂ ਹੋਣ ਤੋਂ ਪਹਿਲਾਂ, ਉਹ ਨਹਾ-ਧੋ ਕੇ 'ਆਸਾ ਦੀ ਵਾਰ' ਸੁਣਨ ਲਈ ਪੁੱਜ ਜਾਂਦੇ। ਇਥੇ ਅਰਦਾਸੇ ਮਗਰੋਂ ਜਮਨਾ ਦੇ ਨਾਲ ਨਾਲ ਪੈਦਲ ਟੁਰ ਪੈਂਦੇ, ਤਿੰਨ-ਤਿੰਨ ਚਾਰ-ਚਾਰ ਮੀਲ ਤੋੜੀ ਉਹ ਸੋਚਦੇ ਹੀ ਤੁਰੀ ਜਾਂਦੇ, ਫੇਰ ਕਿਸੇ ਚੰਗੀ ਜਹੀ ਥਾਂ ਨੂੰ ਵੇਖ ਕਿਸੇ ਚਟਾਨ ਉੱਤੇ ਬੈਠ ਜਾਂਦੇ, ਅਤੇ ਉਥੇ ਜਾਂ ਤੇ ਆਪਣੀ ਬਾਣੀ ਨੂੰ ਆਪ ਲਿਖਦੇ, ਜਾਂ ਫਿਰ ਕਿਸੇ ਸਾਥੀ ਨੂੰ ਕਹਿੰਦੇ- "ਲਿਖੋ, ਮੈਂ ਲਿਖਾਉਂਦਾ ਹਾਂ।"

ਕੇਵਲ ਉਹ ਕਵਿਤਾ ਹੀ ਤਾਂ ਨਹੀਂ ਸਨ ਲਿਖਦੇ, ਆਪਣੀ ਫ਼ੌਜ ਦੀ ਸਿਖਲਾਈ ਵੀ ਕਰਦੇ ਸਨ, ਨਵੇਂ ਸਿਪਾਹੀ ਵੀ ਭਰਤੀ ਕਰਦੇ ਸਨ, ਨਵੇਸ਼ ਸੱਸ਼ਤਰ ਵੀ ਬਣਵਾਂਦੇ ਸਨ, ਅਤੇ ਇਨ੍ਹਾਂ ਸਾਰੀਆਂ ਗੱਲਾਂ ਦੇ ਨਾਲ ਨਾਲ ਉਹ ਲੋਕਾਂ ਨੂੰ ਉਸ ਮਹਾਨ ਆਤਮਾ ਦੀ ਰੌਸ਼ਨੀ ਵੀ ਦੇਂਦੇ ਸਨ, ਜਿਸ ਤੋਂ ਇਹ ਸਾਰੀਆਂ ਗੱਲਾਂ ਬੇਕਾਰ ਹਨ।

ਉਹਨਾਂ ਨੇ ਪਾਉਂਟਾ ਵਿਚ ਰਹਿਣ ਵਾਲਾ ਗੜ੍ਹਵਾਲ ਦੇ ਰਾਜਾ ਫਤਹ ਸ਼ਾਹ ਅਤੇ ਨਹਾਣ ਦੇ ਰਾਜਾ ਮੇਦਨੀ ਪ੍ਰਕਾਸ਼ ਵਿਚ ਸੁਲਾ੍ਹ ਹ ਗਈ। ਦੋਵੇਂ ਕਦੀ ਕਦੀ ਪਾਉਂਟਾ ਵਿਖੇ ਆਉਂਦੇ ਸਨ। ਇਕ ਦਿਨ ਗੁਰੂ ਮਹਾਰਾਜ ਉਹਨਾਂ ਨੂੰ ਨਾਲ ਲੈ ਕੇ ਸ਼ਿਕਾਰ ਖੇਡਣ ਲਈ ਗਏ ਤਾਂ ਇਕ ਚਿੱਟੇ ਸ਼ੇਰ ਦੀ ਖ਼ਬਰ ਮਿਲੀ, ਜਿਹੜਾ ਇਕ ਪਹਾੜੀ ਦੀ ਗੁਫ਼ਾ ਵਿਚ ਰਹਿੰਦਾ ਸੀ ਅਤੇ ਨਾਲ ਇਹ ਵੀ ਪਤਾ ਲੱਗ ਗਿਆ ਕਿ ਸ਼ੇਰ ਇਸ ਵੇਲੇ ਆਪਣੀ ਗੁਫ਼ਾ ਵਿਚ ਹੀ ਹੈ। ਗੁਰੂ ਜੀ ਨੇ ਦੋਹਾਂ ਰਾਜਿਆਂ ਨੂੰ ਪੁੱਛਿਆ "ਤੁਹਾਡੇ ਵਿਚੋਂ ਕਿਹੜਾ ਇਕੱਲਿਆਂ ਸ਼ੇਰ ਨੂੰ ਮਾਰ ਸਕਦਾ ਹੈ, ਸ਼ਰਤ ਇਹ ਹੈ, ਕਿ ਤਲਵਾਰ ਅਤੇ ਢਾਲ ਦੇ ਨਾਲ ਹੀ ਇਸ ਨੂੰ ਮਾਰਨਾ ਹੋਵੇਗਾ, ਤੀਰ ਨਾਲ ਨਹੀਂ।

ਦੋਹਾਂ ਵਿਚੋਂ ਕੋਈ ਰਾਜਾ ਇਸ ਕੰਮ ਲਈ ਤਿਆਰ ਨਾ ਹੋਇਆ, ਗੁਰੂ ਜੀ ਆਪ ਹੀ ਤਲਵਾਰ ਅਤੇ ਢਾਲ ਲੈ ਕੇ ਅੱਗੇ ਵਧੇ। ਗੁਫ਼ਾ ਦੇ ਮੂੰਹ 'ਤੇ ਪੁੱਜ ਕੇ ਉਹਨਾਂ ਸ਼ੇਰ ਨੂੰ ਵੰਗਾਰਿਆ, ਸ਼ੇਰ ਧਾੜਾਂ ਮਾਰਦਾ ਬਾਹਰ ਨਿਕਲਿਆ। ਗੁਰੂ ਜੀ ਨੇ ਉਸ ਨੂੰ ਇਕ ਪੱਥਰ ਮਾਰ ਦਿੱਤਾ, ਸ਼ੇਰ ਗੁੱਸੇ ਨਾਲ ਪਾਗਲ ਹੋ ਕੇ ਝਪਟਿਆ, ਤਾਂ ਜੋ ਆਪਣੇ ਪੰਜੇ ਅਤੇ ਦੰਦਾਂ ਵਿਚ ਲੈ ਕੇ ਗੁਰੂ ਜੀ ਨੂੰ ਝੰਝੋੜ ਸੁੱਟੇ, ਗੁਰੂ ਜੀ ਸ਼ਾਇਦ ਇਸੇ ਉਡੀਕ ਵਿਚ ਸਨ, ਜਿਉਂ ਹੀ ਸ਼ੇਰ ਉਪਰ ਉਛਲਿਆ, ਝੱਟ ਗੁਰੂ ਜੀ ਢਾਲ ਅਤੇ ਤਲਵਾਰ ਲੈ ਕੇ ਅੱਗੇ ਵਧੇ, ਤਲਵਾਰ ਨੂੰ ਸ਼ੇਰ ਦੇ ਹੇਠਾਂ ਕਰ ਦਿੱਤਾ, ਉਸ ਦਾ ਸੀਨਾ ਫੱਟ ਗਿਆ, ਸਰੀਰ ਚੀਰਿਆ ਗਿਆ। ਉਹਦੀਆਂ ਚੀਕਾਂ ਨਾਲ ਜੰਗਲ ਗੂੰਜ ਉੱਠਿਆ; ਫੱਟੜ ਹੋ ਜਾਣ ਮਗਰੋਂ ਵੀ ਉਹ ਗੁਰੂ ਜੀ ਦੇ ਉੱਤੇ ਆਣ ਡਿੱਗਾ ਗੁਰੂ ਜੀ ਨੇ ਉਸ ਨੂੰ ਆਪਣੀ ਢਾਲ ਉੱਤੇ ਰੋਕ ਕੇ ਪਰਾਂ ਸੁੱਟ ਦਿੱਤਾ ਅਤੇ ਜੰਗਲ ਦਾ ਬਾਦਸ਼ਾਹ, ਇਵੇਂ ਚੁੱਪ ਹੋ ਗਿਆ, ਜਿਵੇਂ ਉਹਕਦੇ ਜੀਉਂਦਾ ਨਹੀਂ ਸੀ।॥

ਇਨ੍ਹਾਂ ਸਾਰੀਆਂ ਗੱਲਾਂ ਨੂੰ ਸੁਣ ਸੁਣ ਕੇ ਕਈ ਲੋਕ ਤਾਂ ਬੜੇ ਪ੍ਰਸੰਨ ਹੁੰਦੇ ਸਨ, ਪਰ ਭੀਮ ਚੰਦ ਸੜ ਸੜ ਕੇ ਕੋਲ ਹੋਈ ਜਾਂਦਾ ਸੀ। ਉਸ ਦੇ ਪੁੱਤਰ ਦੀ ਸ਼ਾਦੀ ਹੋ ਰਹੀ ਸੀ ਰਾਜਾ ਫ਼ਤਹ ਸ਼ਾਹ ਦੀ ਪੁੱਤਰੀ ਨਾਲ, ਇਸ ਸ਼ਾਦੀ ਲਈ ਉਸ ਨੇ ਗੁਰੂ ਜੀ ਕੋਲੋਂ ਆਸਾਮ ਦੇ ਹਾਥੀ ਅਤੇ ਕਾਬਲ ਦੇ ਸ਼ਮਿਆਨੇ ਦੀ ਮੰਗ ਕੀਤੀ, ਉਹ ਦੋਵੇਂ ਚੀਜ਼ਾਂ ਤਾਂ ਮਿਲੀਆਂ ਨਾਂ ਉਸ ਨੂੰ, ਸਗੋਂ ਰਾਜਾ ਫ਼ਤਹ ਸ਼ਾਹ ਵੀ ਗੁਰੂ ਜੀ ਦੀ ਸ਼ਰਨ ਵਿਚ ਆ ਗਿਆ, ਇਹ ਸਭ ਕੁਝ ਭੀਮ ਚੰਦ ਦੀ ਸਹਿਣ ਸ਼ਕਤੀ ਤੋਂ ਬਾਹਰ ਸੀ।

ਇਸ ਲਈ ਉਸ ਨੇ ਗੁਰੂ ਜੀ ਨੂੰ ਪਾਉਂਟਾ ਵਿਚ ਇਕ ਖ਼ਤ ਹੋਰ ਲਿਖਿਆ, "ਮੇਰੇ ਰਾਜਕੁਮਾਰ ਦੀ ਸ਼ਾਦੀ ਰਾਜਾ ਫ਼ਤਹ ਸ਼ਾਹ ਦੀ ਪੁੱਤਰੀ ਨਾਲ ਹੋ ਰਹੀ ਸੀ, ਬਿਲਾਸਪੁਰ ਤੋਂ ਮੇਰੇ ਪੁੱਤਰ ਦੀ ਬਰਾਤ ਸ੍ਰੀਨਗਰ ਨੂੰ ਜਾਵੇਗੀ ਅਤੇ ਪਾਉਂਟਾ ਦੇ ਕੋਲੋਂ ਦੀ ਲੰਘੇਗੀ। ਬਰਾਤ ਬਹੁਤੀ ਹੋਵੇਗੀ, ਉਹਨਾਂ ਨਾਲ ਫ਼ੌਜ ਵੀ ਹੋਵੇਗੀ, ਅਜਿਹੀ ਹਾਲਤ ਵਿਚ ਹੋ ਸਕਦਾ ਏ, ਸਾਡੇ ਬਰਾਤੀਆਂ ਜਾਂ ਫ਼ੌਜੀਆਂ ਦਾ ਤੁਹਾਡੇ ਆਦਮੀਆਂ ਨਾਲ ਕੋਈ ਝਗੜਾ ਹੋ ਜਾਵੇ ਅਤੇ ਇਹ ਵੀ ਸੰਭਵ ਹੈ ਕਿ ਮੇਰੀ ਫ਼ੌਜ ਦੇ ਆਦਮੀ ਬੇਕਾਬੂ ਹੋ ਜਾਣ ਅਤੇ ਤੁਹਾਡੇ ਡੇਰੇ ਨੂੰ ਲੁੱਟ ਲੈਣ। ਮੈਂ ਤੁਹਾਨੂੰ ਸਲਾਹ ਦੇਂਦਾ ਹਾਂ ਕਿ ਇਹੋ ਜਿਹੇ ਝਗੜਿਆ ਤੋਂ ਬਚਣ ਦਾ ਜਤਨ ਕਰੋ, ਅਤੇ ਸਾਡੀ ਬਰਾਤ ਅਤੇ ਫ਼ੌਜ ਦੇ ਰਸਤੇ ਵਿਚੋਂ ਹਟ ਜਾਉ। ਜੇਕਰ ਤੁਸਾਂ ਮੇਰੀ ਸਲਾਹ ਤੇ ਅਮਲ ਨਾ ਕੀਤਾ ਤਾਂ ਇਸ ਦੇ ਸਿੱਟਿਆਂ ਦੀ ਜ਼ਿੰਮੇਵਾਰੀ ਤੁਹਾਡੇ 'ਤੇ



www.AKJ.Org

ਹੋਵੇਗੀ, ਮੈਂ ਤੁਹਾਨੂੰ ਸੂਚਨਾ ਦੇ ਦਿੱਤੀ ਹੈ।"

ਰਾਜਾ ਭੀਮ ਚੰਦ ਦਾ ਮੰਤਵ ਸਪੱਸ਼ਟ ਸੀ ਕਿ ਗੁਰੂ ਜੀ ਪਾਉਂਟਾ ਤੋਂ ਚਲੇ ਜਾਣ, ਉਸਦੀ ਫ਼ੌਜ ਪਾਉਂਟਾ ਨੂੰ ਢਾਹ ਕੇ ਢੇਰੀ ਕਰ ਦੇਵੇ ਅਤੇ ਮਗਰੋਂ ਇਹ ਕਹਿ ਦਿੱਤਾ ਜਾਵੇ, ਕਿ ਫ਼ੌਜ ਬੇਕਾਬੂ ਹੋ ਗਈ ਸੀ। ਗੁਰੂ ਜੀ ਨੇ ਇਸ ਗੱਲ ਨੂੰ ਸਮਝ ਲਿਆ, ਅਤੇ ਉੱਤਰ ਦਿੱਤਾ।

"ਤੁਹਾਡੀ ਫ਼ੌਜ ਨੂੰ ਇਸ ਰਸਤੇ ਤੋਂ ਲੰਘਣ ਦੀ ਆਗਿਆ ਮੈਂ ਦੇਵਾਂਗਾ ਨਹੀਂ, ਤੁਹਾਡੇ ਪੁੱਤਰ ਦੀ ਬਰਾਤ ਨੂੰ ਮੈਂ ਕੁਝ ਆਖਾਂਗਾ ਨਹੀਂ। ਜੇਕਰ ਤੁਸੀਂ ਸਮਝਦੇ ਹੋ ਕਿ ਬਰਾਤ ਦੇ ਨਾਲ ਫ਼ੌਜ ਦਾ ਜਾਣਾ ਜ਼ਰੂਰੀ ਹੈ, ਤਾਂ ਕਿਸੇ ਹੋਰ ਰਸਤੇ ਤੋਂ ਚਲੇ ਜਾਉ।"

ਰਾਜਾ ਭੀਮ ਚੰਦ ਫਿਰ ਪਾਗਲਾਂ ਵਾਂਗੂ ਝੁੰਝਲਾ ਉਠਿਆ, ਹਰ ਵਾਰੀ ਉਸ ਨੂੰ ਇਉਂ ਲਗਦਾ, ਜਿਵੇਂ ਕਿਸੇ ਲੋਹੇ ਦੀ ਦੀਵਾਰ ਨਾਲ ਟੱਕਰ ਮਾਰ ਰਿਹਾ ਹੋਵੇ, ਜਿਸ ਦੇ ਪਰਲੇ ਪਾਰ ਜਾਣ ਦਾ ਕੋਈ ਰਸਤਾ ਨਾ ਹੋਵੇ, ਹਰ ਵਾਰੀ ਉਸ ਨੂੰ ਇਉਂ ਲੱਗਦਾ ਕਿ ਉਸ ਦੇ ਅਭਿਮਾਨ ਦਾ ਸਿਰ ਲਹੂ-ਲੁਹਾਨ ਹੋ ਗਿਆ ਹੋਵੇ, ਪਰ ਕੀ ਹੁਣ ਉਹ ਇਸ ਨੂੰ ਸਹਿਣ ਕਰੇਗਾ। ਹੁਣ ਤਾਂ ਉਸ ਦੀ ਹਾਲਤ ਪਹਿਲਾਂ ਤੋਂ ਵਧੇਰੇ ਚੰਗੀ ਸੀ, ਉਹ ਉਸ ਲੜਕੇ ਦਾ ਪਿਤਾ ਸੀ, ਜਿਸ ਦਾ ਵਿਆਹ ਹੋਣਾ ਸੀ, ਉਹ ਰਾਜਾ ਫ਼ਤਹ ਸ਼ਾਹ ਤੋਂ ਮੰਗ ਕਰੇਗਾ ਕਿ ਗੋਬਿੰਦ ਰਾਏ ਉੱਤੇ ਹਮਲਾ ਕੀਤਾ ਜਾਵੇ, ਜੇਕਰ ਉਹ ਇਸ ਮੰਗ ਨੂੰ ਸਵੀਕਾਰ ਨਹੀਂ ਕਰੇਗਾ ਤਾਂ ਉਹ ਆਪਣੇ ਪੁੱਤਰ ਦੀ ਸ਼ਾਦੀ ਉਸ ਦੀ ਪੁੱਤਰੀ ਨਾਲ ਕਰਨ ਤੋਂ ਇਨਕਾਰ ਕਰ ਦੇਵੇਗਾ।

ਇਹ ਯੋਜਨਾ ਬਣਾ ਕੇ ਉਹ ਸ੍ਰੀਨਗਰ (ਗੜ੍ਹਵਾਲ) ਪੁੱਜਾ, ਰਾਜਾ ਫ਼ਤਹ ਸ਼ਾਹ ਨੇ ਗੁਰੂ ਜੀ ਨੂੰ ਵੀ ਸ੍ਰੀਨਗਰ ਆਉਣ ਦੀ ਦਾਅਵਤ ਦਿੱਤੀ ਹੋਈ ਸੀ। ਗੁਰੂ ਜੀ ਆਪ ਨਹੀਂ ਗਏ। ਦੀਵਾਨ ਨੰਦ ਜੀ ਨੂੰ ਤੋਹਫ਼ੇ ਦੇ ਕੇ ਭੇਜ ਦਿੱਤਾ ਕਿ ਉਹਨਾਂ ਵੱਲੋਂ ਉਹ ਤੋਹਫ਼ੇ 'ਵਹੁਟੀ' ਨੂੰ ਦੇ ਦਿੱਤੇ ਜਾਣ ਅਤੇ ਨਾਲ ਹੀ ਇਹ ਵੀ ਕਿਹਾ, "ਨੰਦ ਲਾਲ ਜੀ! ਸ੍ਰੀਨਗਰ ਜਾ ਕੇ ਸ਼ਹਿਰ ਵਿਚ ਨਹੀਂ ਠਹਿਰਾਣ, ਸ਼ਹਿਰੋਂ ਬਾਹਰ ਠਹਿਰਣਾ, ਸ਼ਾਇਦ ਉਥੋਲਂ ਨੱਸਣਾ ਹੀ ਪੈ ਜਾਵੇ।"

ਅਤੇ ਸੱਚਮੁੱਚ ਹੀ ਨੰਦ ਚੰਦ ਜੀ ਨੂੰ ਨੱਸਣਾ ਪਿਆ।

ਸ਼ਾਦੀ ਤੋਂ ਪਹਿਲਾਂ ਇਕ ਭਰੀ ਸਭਾ ਵਿਚ ਤੋਹਫ਼ਿਆਂ ਦਾ ਐਲਾਨ ਕੀਤਾ ਗਿਆਂ, ਤਾਂ ਗੁਰੂ ਜੀ ਦੇ ਭੇਜੇ ਹੋਏ ਤੋਹਫ਼ੇ ਬਾਕੀ ਸਾਰੇ ਰਾਜਿਆਂ ਦੇ ਕੁਲ ਤੋਹਫ਼ਿਆਂ ਤੋਂ ਵੀ ਵਧੇਰੇ ਕੀਮਤੀ ਸਨ। ਇਸ ਗੱਲ ਤੋਂ ਭੀਮ ਚੰਦ ਤੜਫ ਉਠਿਆ, ਭਰੀ ਸਭਾ ਵਿਚ ਉਸ ਨੇ ਐਲਾਨ ਕੀਤਾ, "ਰਾਜਾ ਫ਼ਤਹ ਸ਼ਾਹ! ਤੁਹਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਇਸ ਗੋਬਿੰਦ ਰਾਏ ਨੇ ਸਾਡੀ ਬਰਾਤ ਨੂੰ ਪਾਉਂਟਾ ਘਾਣੀਂ ਲੰਘਣ ਦੀ ਆਗਿਆ ਨਹੀਂ ਦਿੱਤੀ, ਹੋਰ ਵੀ ਕਈ ਮਾਮਲਿਆਂ ਵਿਚ ਉਸ ਨੇ ਮੇਰੇ ਨਾਲ ਦੁਸ਼ਮਨੀ ਕੀਤੀ ਹੈ, ਅਜੇਹੇ ਆਦਮੀ ਦੇ ਤੋਹਫ਼ੇ ਮੈਂ ਤਾਂ ਸਵੀਕਾਰ ਕਰ ਨਹੀਂ ਸਕਦਾ, ਜੇ ਕਰ ਤੁਸੀਂ ਕਰਨਾ ਚਾਹੁੰਦੇ ਹੋ, ਤਾਂ ਮੈਨੂੰ ਇਸ ਸ਼ਾਦੀ ਬਾਰੇ ਸੋਚਣਾ ਪਵੇਗਾ, ਦੋਸਤ ਦਾ ਦੋਸਤ, ਦੋਸਤ ਹੁੰਦਾ ਹੈ, ਫ਼ਤਹ ਸ਼ਾਹ ਦੁਸ਼ਮਨ ਦੇ ਦੋਸਤ ਨੂੰ ਲੋਕ ਕਦੀ ਦੋਸਤ ਨਹੀਂ ਕਹਿੰਦੇ।"

ਸਮਾਂ ਹੋਰ ਕੋਈ ਹੁੰਦਾ, ਤਾਂ ਫ਼ਤਹ ਸ਼ਾਹ ਇਸ ਆਦਮੀ ਨੂੰ ਇਹਨਾਂ ਸ਼ਬਦਾਂ ਦਾ ਅਰਥ ਕਿਸੇ ਹੋਰ ਢੰਗ ਨਾਲ ਸਮਝਾਉਂਦਾ, ਪਰੰਤੂ ਇਸ ਸਮੇਂ ਹਾਲਤ ਕੁਝ ਹੋਰ ਸੀ, ਵਾਤਾਵਰਨ ਕੁਝ ਹੋਰ ਸੀ। ਉਸ ਦੀ ਪੁੱਤਰੀ ਦੀ ਇੱਜ਼ਤ ਦਾ ਸਵਾਲ ਸੀ, ਜੇ ਕਰ ਇਸ ਵੇਲੇ ਇਹ ਆਦਮੀ ਬਰਾਤ ਵਾਪਸ ਲੈ ਜਾਵੇ, ਅਤੇ ਰਾਜਕੁਮਾਰੀ ਦਾ ਵਿਆਹ ਨਾ ਹੋਵੇ ਤਾਂ, ਫ਼ਤਹ ਸ਼ਾਹ ਦੀ ਨੱਕ ਕੱਟੀ ਜਾਵੇਗੀ, ਇਸ ਲਈ ਫ਼ਤਹ ਸ਼ਾਹ ਨੇ ਉਤਰ ਦਿੱਤਾ- "ਗੁੱਸਾ ਨਾ ਕਰੋ, ਭੀਮ ਚੰਦ! ਕਿਹੜਾ ਤੋਹਫ਼ਾ ਸਵੀਕਾਰ ਕਰਨਾ ਹੈ, ਤੇ ਕਿਹੜਾ ਨਹੀਂ, ਇਸ ਦਾ ਫੈਸਲਾ ਅਸੀਂ ਰਾਤ ਨੂੰ ਬੈਠ ਕੇ ਕਰ ਲਵਾਂਗੇ, ਮੈਂ ਤੁਹਾਨੂੰ ਆਪਣਾ ਬਣਾਉਣ ਦਾ ਜਤਨ ਕੀਤਾ ਹੈ, ਨਾ ਕਿ ਆਪਣੇ ਆਪ ਨੂੰ ਤੁਹਾਡੇ ਲਈ ਪਰਾਇਆ।"

ਅਤੇ ਉਸ ਰਾਤ ਨੂੰ ਫੈਸਲਾ ਹੋਇਆ।

ਕੇਵਲ ਇਹ ਹੀ ਨਹੀਂ, ਕਿ ਗੁਰੂ ਜੀ ਦੇ ਤੋਹਫ਼ੇ ਸਵੀਕਾਰ ਨਾ ਕੀਤੇ ਜਾਣ, ਸਗੋਂ ਇਹ ਵੀ ਕਿ ਸਾਰੇ ਦੇ ਸਾਰੇ ਰਾਜੇ ਮਿਲ ਕੇ ਉਹਨਾਂ ਉੱਤੇ ਹਮਲਾ ਕਰਨਗੇ। ਗੋਬਿੰਦ ਰਾਏ ਨੂੰ ਅਤੇ ਉਹਨਾਂ ਦੇ ਸਿੱਖਾਂ ਨੂੰ ਸਦਾ ਲਈ ਖ਼ਤਮ ਕਰ ਦੇਣਗੇ, ਕਿਉਂਕਿ ਇਹਨਾਂ ਲੋਕਾਂ ਦੇ ਹੁੰਦਿਆਂ ਕਿਸੇ ਵੀ ਰਾਜੇ ਦੀ ਰਿਆਸਤ ਸੁਰੱਖਿਅਤ ਨਹੀਂ, ਨਾਲੇ ਇਹ ਵੀ ਫੈਸਲਾ ਹੋਇਆ ਕਿ ਗੋਬਿੰਦ ਰਾਏ ਨੂੰ ਜੰਗ ਵਿਚ ਕਤਲ ਕਰ ਦਿੱਤਾ ਜਾਵੇ ਜਾਂ ਬੰਦੀ ਬਣਾ ਕੇ ਬਾਦਸ਼ਾਹ ਔਰੰਗਜ਼ੇਬ ਦੇ ਪਾਸ ਭੇਜ ਦਿੱਤਾ ਜਾਵੇ।

ਇਹ ਫੈਸਲਾ ਸਰਵ ਸੰਮਤੀ ਨਾਲ ਕੀਤਾ ਗਿਆ।

ਇਕ ਫੈਸਲਾ ਰਾਜਾ ਭੀਮ ਚੰਦ ਨੇ ਦੂਜਿਆਂ ਨੂੰ ਦੱਸੇ ਬਿਨਾਂ, ਇਕੱਲਿਆਂ ਹੀ ਕੀਤਾ। ਉਹ ਇਹ ਕਿ, ਗੁਰੂ ਗੋਬਿੰਦ ਰਾਏ ਦੇ ਪ੍ਰਤੀਨਿਧੀ ਦੀਵਾਨ ਨੰਦ ਚੰਦ ਨੂੰ ਸਾਥੀਆਂ ਸਮੇਤ ਕਤਲ ਕਰ ਦਿੱਤਾ ਜਾਵੇ ਅਤੇ ਜਿਹੜੇ ਤੋਹਫ਼ੇ ਉਹ ਲੈ ਕੇ ਆਏ ਹਨ, ਉਹ ਸਾਰੇ ਖੋਹ ਲਏ ਜਾਣ।



www.AKJ.Org

ਐਪਰ ਇਸ ਤੋਂ ਪਹਿਲਾਂ ਕਿ ਭੀਮ ਚੰਦ ਦੇ ਆਦਮੀ ਨੰਦ ਚੰਦ ਦੇ ਪਾਸ ਪੁੱਜਦੇ ਉਹ ਆਪਣੇ ਸਾਥੀਆਂ ਅਤੇ ਤੋਹਫ਼ਿਆਂ ਸਮਤੇ ਸ੍ਰੀਨਗਰ ਤੋਂ ਜਾ ਚੁੱਕੇ ਸਨ। ਭੀਮ ਚੰਦ ਦੇ ਆਦਮੀਆਂ ਨੇ ਦੀਵਾਨ ਨੰਦ ਚੰਦ ਦਾ ਪਿੱਛਾ ਕੀਤਾ। ਪਾਉਂਟਾ ਕਾਫ਼ੀ ਦੂਰ ਸੀ। ਇਕ ਅਸਥਾਨ 'ਤੇ ਦੋਹਾਂ ਦਾ ਟਾਕਰਾ ਹੋ ਗਿਆ। ਨੰਦ ਚੰਦ ਅਤੇ ਉਸ ਦੇ ਸਾਥੀਆਂ ਨੇ ਭੀਮ ਚੰਦ ਦੇ ਸਾਰੇ ਆਦਮੀਆਂ ਨੂੰ ਖ਼ਤਮ ਕਰ ਦਿੱਤਾ। ਇਕ ਆਦਮੀ ਭੀਮ ਚੰਦ ਦੇ ਕੋਲ ਸੁਨੇਹਾ ਦੇਣ ਲਈ ਛੱਡ ਦਿੱਤਾ ਕਿ "ਹੁਣ ਹੋਰ ਆਦਮੀ ਭੇਜੋ, ਅਸੀਂ ਉਹਨਾਂ ਦਾ ਵੀ ਇਹੋ ਹਾਲ ਕਰਾਂਗੇ।"

ਭੀਮ ਚੰਦ ਦੇ ਪੁੱਤਰ ਦੀ ਸ਼ਾਦੀ ਹੋ ਗਈ, ਲਾੜਾ-ਵਹੁਟੀ ਬਿਲਾਸਪੁਰ ਭੇਜ ਦਿੱਤੇ ਗਏ। ਬਾਕੀ ਸਾਰੇ ਰਾਜੇ ਆਪਣੀ ਆਪਣੀ ਫ਼ੌਜ ਲੈ ਕੇ ਪਾਉਂਟਾ ਉੱਤੇ ਤੁਰ ਪਏ।

ਜਿਹੜੇ ਰਾਜੇ ਇਸ ਨਾਜਾਇਜ਼ ਅਤੇ ਜ਼ੁਲਮੀ ਹਮਲੇ ਵਿਚ ਸ਼ਾਮਲ ਹੋਏ, ਉਹਨਾਂ ਦੇ ਨਾਂ ਇਸ ਪ੍ਰਕਾਰ ਹਨ: ਕਹਿਲੂਰ ਦਾ ਰਾਜਾ ਭੀਮ ਚੰਦ, ਗੜ੍ਹਵਾਲ ਦਾ ਰਾਜਾ ਫ਼ਤਹ ਸ਼ਾਹ, ਗੋਲਬਰ ਦਾ ਰਾਜਾ ਗੋਪਾਲ ਚੰਦ, ਕਾਂਗੜਾ ਦਾ ਰਾਜਾ ਕ੍ਰਿਪਾਲ ਚੰਦ, ਮੰਡਰੀ ਦਾ ਰਾਜਾ ਬੀਰ ਸੈਨ, ਜਸਵਾਲ ਦਾ ਰਾਜਾ ਕੇਸਰੀ ਚੰਦ, ਕਾਠਗੜ੍ਹ ਦਾ ਰਾਜਾ ਦਿਆਲ ਚੰਦ, ਹਿੰਡੋਰ ਦਾ ਰਾਜਾ ਹਰੀ ਚੰਦ, ਭੰਭੋਰ ਦਾ ਰਾਜਾ ਕਰਮ ਚੰਦ, ਜਸਵਾਨ ਦਾ ਰਾਜਾ ਉਮੇਦ ਸਿੰਘ, ਨੂਰਪੁਰ ਦਾ ਰਾਜਾ ਦਿਆ ਸਿੰਘ, ਤ੍ਰਿਲੋਕਪੁਰ ਦਾ ਰਾਜਾ ਭਾਗ ਸਿੰਘ, ਇੰਦੌਰ ਦਾ ਰਾਜਾ ਗੁਰਭਜ, ਨਾਰਦਨ ਦਾ ਰਾਜਾ ਸੰਸਾਰ ਚੰਦ, ਕੋਟੀਵਾਲ ਦਾ ਰਾਜਾ ਹਰੀ ਚੰਦ, ਸਿਮਲਾ ਦਾ ਰਾਜਾ ਲੱਛੂ ਚੰਦ। ਇਹਨਾਂ ਤੋਂ ਛੁੱਟ 'ਬਾਈਧਾਰ' ਦੇ ਰਾਜਿਆਂ ਦੀ ਹਮਾਇਤ ਵੀ ਉਹਨਾਂ ਨੂੰ ਪ੍ਰਾਪਤ ਸੀ। ਨਾਹਨ ਦੇ ਰਾਜਾ ਮੇਦਨੀ ਪ੍ਰਕਾਸ਼ ਦੀ ਹਮਾਇਤ ਵੀ, ਕਿਉਂਕਿ ਭੰਗਾਣੀ ਦੀ ਜੰਗ ਨਾਹਨ ਦੇ ਇਲਾਕੇ ਵਿਚ ਹੋਈ ਅਤੇ ਰਾਜਾ ਮੇਦਨੀ ਪ੍ਰਕਾਸ਼ ਨੇ ਉਸ ਨੂੰ ਰੋਕਣ ਦਾ ਜਾਂ ਗੁਰੂ ਮਹਾਰਾਜ ਜੀ ਨੂੰ ਸਹਾਇਤਾ ਦੇਣ ਦਾ ਕੋਈ ਜਤਨ ਨਾ ਕੀਤਾ। ਇਹ ਹੈ ਉਹਨਾਂ ਘਟਨਾਵਾਂ ਦਾ ਚਿੱਤਰ, ਜਿਸ ਨੂੰ ਆਮ ਕਰਕੇ ਭੰਗਾਣੀ ਦੀ ਜੰਗ ਆਖਿਆ ਜਾਂਦਾ ਹੈ।

ਪਰੰਤੂ ਮੈਂ ਪੂਰੇ ਵਿਸ਼ਵਾਸ ਨਾਲ ਕਹਿੰਦਾ ਹਾਂ ਕਿ ਇਸ ਤੋਂ ਵੱਡਾ ਝੂਠ ਕੋਈ ਹੋ ਨਹੀਂ ਸਕਦਾ। ਕੁਝ ਸਿੱਧੇ ਤੇ ਸਪੱਸ਼ਟ ਪ੍ਰਸ਼ਨਾਂ ਨੂੰ ਮੁਖ ਰੱਖੋ:

੧. ਕੀ ਰਾਜਾ ਭੀਮ ਚੰਦ ਇਤਨਾ ਕੰਗਾਲ ਸੀ ਕਿ ਇਕ ਹਾਥੀ ਅਤੇ ਇਕ ਸ਼ਮਿਆਨੇ ਲਈ ਪਾਗਲ ਹੋ ਉੱਠਿਆ? ਕੀ ਇਹ ਸੱਚ ਨਹੀਂ ਕਿ ਉਸ ਦੀ ਰਾਜਧਾਨੀ ਬਿਲਾਸਪੁਰ, ਅਨੰਦਪੁਰ ਸਾਹਿਬ ਤੋਂ ਕਿਧਰੇ ਵੱਡੀ ਅਤੇ ਖੁਸ਼ਹਾਲ ਸੀ? ਕੀ ਇਹ ਸੱਚ ਨਹੀਂ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਪਾਸ ਵੀ ਫ਼ੌਜ ਸੀ, ਸ਼ਸਤ੍ਰ ਸਨ ਅਤੇ ਉਹਨਾਂ ਦੇ ਕੋਲ ਵੀ ਹਰ ਪਾਸਿਓਂ ਤੋਹਫ਼ੇ ਆਉਂਦੇ ਸਨ, ਦੌਲਤਾ ਆਉਂਦੀ ਸੀ? ਇਹਨਾਂ ਸਾਰੀਆਂ ਗੱਲਾਂ ਦੇ ਹੁੰਦਿਆਂ ਵੀ ਭੀਮ ਚੰਦ ਨੇ ਕਦੇ ਉਹਨਾਂ 'ਤੇ ਹਮਲਾ ਕਰਨ ਦਾ ਜਤਨ ਨਹੀਂ ਕੀਤਾ।

੨. ਭੀਮ ਚੰਦ ਦੀ ਜੇਕਰ ਗੁਰੂ ਮਹਾਰਾਜ ਜੀ ਦੇ ਨਾਲ ਜ਼ਾਤੀ ਦੁਸ਼ਮਨੀ ਸੀ ਤਾਂ ਜੰਮੂ ਤੋਂ ਲੈ ਕੇ ਗੜ੍ਹਵਾਲ ਤੀਕ ਦੇ ਸਾਰੇ ਪਹਾੜੀ ਰਾਜਿਆਂ ਦਾ ਗੁਰੂ ਜੀ ਨੇ ਕੀ ਵਿਗਾੜਿਆ ਸੀ, ਕਿ ਇਹ ਲੋਕੀਂ ਫ਼ੌਜਾਂ ਲੈ ਕੇ ਉਹਨਾਂ 'ਤੇ ਟੁੱਟ ਪਏ। ਆਪਣੀਆਂ ਜਾਨਾਂ ਨੂੰ ਉਹਨਾਂ ਸਾਰਿਆਂ ਨੇ ਖ਼ਤਰੇ ਵਿਚ ਪਾਇਆ। ਤਾਂ ਕੀ ਇਹ ਸਭ ਕੁਝ ਉਹਨਾਂ ਰਾਜਾ ਭੀਮ ਚੰਦ ਨੂੰ ਖੁਸ਼ ਕਰਨ ਲਈ ਕੀਤਾ? ਕੀ ਰਾਜਾ ਭੀਮ ਚੰਦ ਇਤਨਾ ਅਸਰ-ਰਸੂਖ ਵਾਲਾ, ਇਤਨਾ ਵੱਡਾ ਜਾਂ ਇਤਨਾ ਸ਼ਕਤੀਸ਼ਾਲੀ ਸੀ, ਕਿ ਬਾਕੀ ਸਾਰੇ ਰਾਜੇ ਗ਼ੁਲਾਮਾਂ ਵਾਂਗੂੰ ਉਸ ਦੇ ਇਸ਼ਾਰੇ 'ਤੇ ਚੱਲਦੇ ਸਨ।

੩. ਰਾਜਾ ਫ਼ਤਹ ਸ਼ਾਹ ਦੇ ਬਾਰੇ ਤੇ ਇਹ ਗੱਲ ਸਮਝ ਵਿਚ ਆ ਸਕਦੀ ਹੈ ਕਿ ਉਹ ਆਪਣੀ ਬੇਇਜ਼ਤੀ ਤੋਂ ਡਰ ਗਿਆ ਹੋਵੇ। ਇਹ ਸੋਚ ਕੇ ਕਿ ਜੇਕਰ ਭੀਮ ਚੰਦ ਦਾ ਪੁੱਤਰ ਬਿਨਾਂ ਸ਼ਾਦੀ ਕੀਤੇ ਵਾਪਸ ਤੁਰ ਗਿਆ ਤਾਂ ਹੋ ਸਕਦਾ ਏ, ਉਸਦੀ ਪੁੱਤਰੀ ਦੀ ਸ਼ਾਦੀ ਫਿਰ ਹੋਰ ਕਿਧਰੇ ਨਾ ਹੋ ਸਕਦੇ ਅਤੇ ਇਸੇ ਲਈ ਉਸ ਨੇ ਭੀਮ ਚੰਦੀ ਨਾਜਾਇਜ਼ ਮੰਗ ਅੱਗੇ ਸਿਰ ਝੁਕਾ ਦਿੱਤਾ ਹੋਵੇ। ਪਰੰਤੂ ਕੀ ਇਹ ਬੜੀ ਅਚੰਭੇ ਵਾਲੀ ਅਤੇ ਹਾਸੋ-ਹੀਣੀ ਨਹੀਂ ਕਿ ਮੰਡੀ ਦੇ ਜਿਸ ਰਾਜੇ ਬਾਰੇ ਸੈਨ ਨੇ ਗੁਰੂ ਜੀ ਨੂੰ 'ਰੀਵਾਲਸਰ' ਆਉਣ ਦਾ ਸੱਦਾ-ਪੱਤਰ ਦਿੱਤਾ ਸੀ, ਆਪਣਾ ਮਹਿਮਾਨ ਬਣਾਇਆ ਸੀ, ਆਪਣਾ ਸਿਰ ਉਹਨਾਂ ਦੇ ਚਰਨਾਂ 'ਤੇ ਝੁਕਾਇਆ ਸੀ ਅਤੇ ਇਹ ਅਸ਼ੀਰਵਾਦ ਲੀਤੀ ਸੀ- "ਜੈਸੇ ਬਚੀ ਮੇਰੀ ਹੰਡੀ, ਵੈਸੇ ਬਚੇਗੀ ਤੇਰੀ ਮੰਡੀ।" ਉਹ ਵੀ ਫ਼ੌਜ ਲੈ ਕੇ ਗੁਰੂ ਜੀ ਵਿਰੁੱਧ ਲੜਨ ਲਈ ਤੁਰ ਪਿਆ? ਅਤੇ ਕੀ ਇਹ ਗੱਲ ਵੀ ਹੈਰਾਨੀ ਵਾਲੀ ਨਹੀਂ ਦਿਸਦੀ ਕਿ ਨਾਹਨ ਦੇ ਜਿਸ ਰਾਜੇ ਨੇ ਗੁਰੂ ਜੀ ਨੂੰ ਦਾਅਵਤ ਦੇ ਕੇ ਬੁਲਾਇਆ, ਉਹਨਾਂ ਨੂੰ ਪਾਉਂਟਾ ਨਗਰ ਦੀ ਉਸਾਰੀ ਲਈ ਸਹਾਇਤਾ ਦਿੱਤੀ ਅਤੇ ਜਿਹੜਾ ਹਰ ਗੱਲ ਵਿਚ ਗੁਰੂ ਜੀ ਦਾ ਰਿਣੀ ਸੀ। ਉਸ ਨੇ ਵੀ ਹਮਲੇ ਦੀ ਹਮਾਇਤ ਕੀਤੀ। ਜੰਗ ਰੋਕਣ ਦਾ ਜਾਂ ਗੁਰੂ ਜੀ ਦੀ ਸਹਾਇਤਾ ਦਾ ਉੱਕਾ ਜਤਨ ਨਾ ਕੀਤਾ?

*(ਚਲਦਾ)*

ਯੁਗ ਪੁਰਸ਼ 'ਚੋਂ ਧੰਨਵਾਦ ਸਹਿਤ



www.AKJ.Org

# ਸ੍ਰੀ ਪਾਉਂਟਾ ਸਾਹਿਬ ਵਿਖੇ ਸਲਾਨਾ ਅਖੰਡ ਕੀਰਤਨ ਸਮਾਗਮ

## ਮਿਤੀ **7** ਜੂਨ ਸ਼ੁਕਰਵਾਰ ਸ਼ਾਮ ਤੋਂ **10** ਜੂਨ ਸੋਮਵਾਰ ਸਵੇਰ ਤਕ

### ਵੇਰਵਾ:

7 ਜੂਨ: ਸ਼ੁਕਰਵਾਰ ਸ਼ਾਮ 6 ਤੋਂ 9 ਵਜੇ ਤਕ ਅਖੰਡ ਕੀਰਤਨ ਕਵੀ ਦਰਬਾਰ ਅਸਥਾਨ ਸ੍ਰੀ ਪਾਉਂਟਾ ਸਾਹਿਬ ਵਿਖੇ।

8 ਜੂਨ: ਸ਼ਨੀਵਾਰ ਸਵੇਰੇ ਸ੍ਰੀ ਆਸਾ ਕੀ ਵਾਰ ਦੀ ਚੌਂਕੀ ਸ੍ਰੀ ਦਰਬਾਰ ਸਾਹਿਬ ਪਾਉਂਟਾ ਸਾਹਿਬ ਵਿਖੇ ਉਪਰੰਤ ਗੁ: ਭੰਗਾਣੀ ਸਾਹਿਬ ਲਈ ਰਵਾਨਗੀ। ਸਵੇਰੇ 7:30 ਤੋਂ ਦੁਪਹਿਰ 12:30 ਤਕ ਅਖੰਡ ਕੀਰਤਨ ਗੁ: ਸ੍ਰੀ ਭੰਗਾਣੀ ਸਾਹਿਬ ਵਿਖੇ। ਦੁਪਹਿਰ 2 ਤੋਂ 4 ਵਜੇ ਤਕ ਕੀਰਤਨ ਗੁ: ਤੀਰਗੜ੍ਹੀ ਸਾਹਿਬ ਵਿਖੇ। ਉਪਰੰਤ ਸ਼ਾਮ ਨੂੰ ਗੁ: ਸ਼ੇਰਗਾਹ ਸਾਹਿਬ ਲਈ ਰਵਾਨਗੀ, 6 ਤੋਂ 9 ਵਜੇ ਤਕ ਅਖੰਡ ਕੀਰਤਨ ਸਮਾਗਮ ਗੁ: ਸ਼ੇਰਗਾਹ ਸਾਹਿਬ ਵਿਖੇ।

9 ਜੂਨ: ਐਤਵਾਰ ਸਵੇਰੇ ਆਸਾ ਕੀ ਵਾਰ ਦੀ ਚੌਂਕੀ ਅਤੇ ਫਿਰ 9 ਵਜੇ ਤੋਂ ਬਾਅਦ ਦੁਪਹਿਰ ਤਕ ਅਖੰਡ ਕੀਰਤਨ ਸਮਾਗਮ ਸ੍ਰੀ ਦਰਬਾਰ ਸਾਹਿਬ ਪਾਉਂਟਾ ਸਾਹਿਬ ਵਿਖੇ। ਸ਼ਾਮ 7 ਵਜੇ ਅਰੰਭ ਰੈਣਿ ਸਬਾਈ ਕੀਰਤਨ।

10 ਜੂਨ: ਸੋਮਵਾਰ ਸਵੇਰੇ 3 ਵਜੇ ਭੋਗ ਰੈਣਿ ਸਬਾਈ ਕੀਰਤਨ ਅਤੇ ਸਮਾਗਮ ਦੀ ਸੰਪੂਰਨਤਾ ਦੀ ਅਰਦਾਸ।

### ਜ਼ਰੂਰੀ ਬੇਨਤੀਆਂ:

1. ਰਿਹਾਇਸ਼ ਦਾ ਪ੍ਰਬੰਧ ਸ੍ਰੀ ਦਰਬਾਰ ਸਾਹਿਬ ਪਾਉਂਟਾ ਸਾਹਿਬ ਦੇ ਨਿਵਾਸ ਅਸਥਾਨ ਵਿਖੇ ਹੀ ਹੋਵੇਗਾ। ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ।
2. 8 ਜੂਨ ਭੰਗਾਣੀ ਸਾਹਿਬ ਜਾਣ ਲਈ ਸ੍ਰੀ ਦਰਬਾਰ ਸਾਹਿਬ ਪਾਉਂਟਾ ਸਾਹਿਬ ਤੋਂ ਸਵੇਰੇ 7 ਵਜੇ ਤੋਂ 10 ਵਜੇ ਅਤੇ ਗੁ: ਸ਼ੇਰਗਾਹ ਸਾਹਿਬ ਲਈ ਸ਼ਾਮ 5 ਵਜੇ ਤੋਂ 6 ਵਜੇ ਤਕ ਗੱਡੀਆਂ ਦਾ ਇੰਤਜ਼ਾਮ ਕੀਤਾ ਜਾਵੇਗਾ। ਇਸ ਦਿਨ ਦੇ ਲੰਗਰ ਦਾ ਇੰਤਜ਼ਾਮ ਵੀ ਗੁ: ਤੀਰਗੜ੍ਹੀ ਸਾਹਿਬ ਅਤੇ ਸ਼ੇਰਗਾਹ ਸਾਹਿਬ ਵਿਖੇ ਹੀ ਹੋਵੇਗਾ।
3. ਪਾਉਂਟਾ ਸਾਹਿਬ ਜਾਣ ਲਈ ਲੁਧਿਆਣਾ ਤੋਂ 7 ਜੂਨ ਸਵੇਰੇ ਬੱਸਾਂ ਚੱਲਣਗੀਆਂ। ਲੁਧਿਆਣਾ ਦੇ ਨੇੜੇ ਤੇੜੇ ਦੀਆਂ ਜਾਂ ਹੋਰ ਸੰਗਤਾਂ ਜੋ ਲੁਧਿਆਣਾ ਤੋਂ ਜਾਣਾ ਚਾਹੁਣ, ਉਹ ਫੋਨ ਨੰ: 0161-561533, 443266, 494259 ਜਾਂ 98141 66775 ਤੇ ਸੰਪਰਕ ਕਰੋ ਜੀ। ਫਗਵਾੜਾ ਦੇ ਨੇੜੇ ਤੇੜੇ ਦੀਆਂ ਸੰਗਤਾਂ ਫੋਨ ਨੰ: 01824-61835, 24735, 22335 'ਤੇ ਸੰਪਰਕ ਕਰੋ ਜੀ।
4. ਇਸ ਸਮਾਗਮ ਦਾ ਸਮੁੱਚਾ ਪ੍ਰਬੰਧ ਪਿਛਲੇ ਸਾਲਾਂ ਵਾਂਗ ਹੀ ਅਖੰਡ ਕੀਰਤਨੀ ਜਥਾ ਲੁਧਿਆਣਾ ਵੱਲੋਂ ਦਾਸਰਿਆਂ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇ ਕੇ ਨਿਵਾਜੋ ਜੀ।

### ਪੁੱਛਗਿੱਛ:

1. ਪਾਉਂਟਾ ਸਾਹਿਬ: ਭਾਈ ਪਰਮਜੀਤ ਸਿੰਘ ਜੀ ਫੋਨ: 01704-22367(ਦੁਕਾਨ), 24067(ਘਰ),
2. ਲੁਧਿਆਣਾ: ਭਾਈ ਹਰਬੰਸ ਸਿੰਘ ਜੀ 0161-561533

ਦਾਸਰੇ:

ਅਖੰਡ ਕੀਰਤਨੀ ਜੱਥਾ ਲੁਧਿਆਣਾ ਅਤੇ ਪ੍ਰਬੰਧਕ ਕਮੇਟੀ ਸ੍ਰੀ ਦਰਬਾਰ ਸਾਹਿਬ ਪਾਉਂਟਾ ਸਾਹਿਬ।

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜਨਮ ਦਿਹਾੜੇ 'ਤੇ ਸਲਾਨਾ ਕੇਂਦਰੀ ਅਖੰਡ ਕੀਰਤਨ ਸਮਾਗਮ

ਮਿਤੀ **5** ਜੁਲਾਈ ਸ਼ੁਕਰਵਾਰ ਸ਼ਾਮ ਤੋਂ **7** ਜੁਲਾਈ ਐਤਵਾਰ ਸਵੇਰ ਤਕ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਵਿਖੇ ਕੀਤਾ ਜਾ ਰਿਹਾ ਹੈ।

5 ਜੁਲਾਈ ਸ਼ੁਕਰਵਾਰ ਸ਼ਾਮ 7 ਤੋਂ 9:30 ਸੋਦਰ ਦੀ ਚੌਂਕੀ ਤੇ ਕੀਰਤਨ

6 ਜੁਲਾਈ ਸ਼ਨੀਵਾਰ ਸਵੇਰ ਤੋਂ ਦੁਪਹਿਰ ਤਕ ਅਖੰਡ ਕੀਰਤਨ, ਸ਼ਾਮ ਸੋਦਰ ਉਪਰੰਤ ਆਰੰਭ ਰੈਣਿ ਸਬਾਈ ਕੀਰਤਨ।

7 ਜੁਲਾਈ ਐਤਵਾਰ ਸਵੇਰੇ 4 ਵਜੇ ਭੋਗ ਰੈਣਿ ਸਬਾਈ ਕੀਰਤਨ।

ਦਾਸਰੇ:

ਅਖੰਡ ਕੀਰਤਨੀ ਜੱਥਾ ਲੁਧਿਆਣਾ ਅਤੇ ਪ੍ਰਬੰਧਕ ਕਮੇਟੀ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ।

'ਸੂਰਾ' ਮਾਸਿਕ ਦੇ ਪਾਠਕ ਸਾਡਾ ਨਵਾਂ ਈ-ਮੇਲ ਨੰਬਰ ਨੋਟ ਕਰਨ:

**sura_manager@yahoo.co.uk**



www.AKJ.Org

# ਗਉੜੀ ਸੁਖਮਨੀ

(੧) ਆਦਿ ਅੰਤਿ ਜੋ ਰਾਖਨਹਾਰੁ ॥
ਤਿਸ ਸਿਉ ਪ੍ਰੀਤਿ ਨਾ ਕਰੈ ਗਵਾਰੁ ॥
(੨) ਜਾਕੀ ਸੇਵਾ ਨਵ ਨਿਧਿ ਪਾਵੈ ॥
ਤਾ ਸਿਉ ਮੂੜਾ ਮਨੁ ਨਹੀ ਲਾਵੈ ॥
(੩) ਜੋ ਠਾਕੁਰੁ ਸਦ ਸਦਾ ਹਜੂਰੇ ॥
ਤਾ ਕਉ ਅੰਧਾ ਜਾਨਤ ਦੂਰੇ ॥
(੪) ਜਾਕੀ ਟਹਲ ਪਾਵੈ ਦਰਗਹ ਮਾਨੁ ॥
ਤਿਸਹਿ ਬਿਸਾਰੈ ਮੁਗਧੁ ਅਜਾਨੁ ॥
(੫) ਸਦਾ ਸਦਾ ਇਹੁ ਭੂਲਨਹਾਰੁ ॥
ਨਾਨਕ ਰਾਖਨੁਹਾਰੁ ਅਪਾਰੁ ॥੩॥

(੧) ਰਤਨੁ ਤਿਆਗੁ ਕਉਡੀ ਸੰਗਿ ਰਚੈ ॥
ਸਾਚੁ ਛੋਡਿ ਝੂਠ ਸੰਗਿ ਮਚੈ ॥
(੨) ਜੋ ਛਡਨਾ ਸੁ ਅਸਥਿਰੁ ਕਰਿ ਮਾਨੈ ॥
ਜੋ ਹੋਵਨੁ ਸੋ ਦੂਰਿ ਪਰਾਨੈ ॥
(੩) ਛੋਡਿ ਜਾਇ ਤਿਸ ਕਾ ਸ੍ਰਮੁ ਕਰੈ ॥
ਸੰਗਿ ਸਹਾਈ ਤਿਸੁ ਪਰਹਰੈ ॥
(੪) ਚੰਦਨ ਲੇਪੁ ਉਤਾਰੈ ਧੋਇ ॥
ਗਰਧਬ ਪ੍ਰੀਤਿ ਭਸਮ ਸੰਗਿ ਹੋਇ ॥
(੫) ਅੰਧ ਕੂਪ ਮਹਿ ਪਤਿਤ ਬਿਕਰਾਲ ॥
ਨਾਨਕ ਕਾਢਿ ਲੇਹੁ ਪ੍ਰਭ ਦਇਆਲ ॥੪॥

(੧) ਕਰਤੂਤਿ ਪਸੂ ਕੀ ਮਾਨਸ ਜਾਤਿ ॥
ਲੋਕ ਪਚਾਰਾ ਕਰੈ ਦਿਨੁ ਰਾਤਿ ॥
(੨) ਬਾਹਰਿ ਭੇਖ ਅੰਤਰਿ ਮਲੁ ਮਾਇਆ ॥
ਛਪਸਿ ਨਾਹਿ ਕਛੁ ਕਰੈ ਛਪਾਇਆ ॥
(੩) ਬਾਹਰਿ ਗਿਆਨ ਧਿਆਨੁ ਇਸਨਾਨ ॥
ਅੰਤਰਿ ਬਿਆਪੈ ਲੋਭੁ ਸੁਆਨੁ ॥
(੪) ਅੰਤਰਿ ਅਗਨਿ ਬਾਹਰਿ ਤਨੁ ਸੁਆਹ ॥
ਗਲਿ ਪਾਥਰ ਕੈਸੇ ਤਰੈ ਅਥਾਹ ॥
(੫) ਜਾ ਕੈ ਅੰਤਰਿ ਬਸੈ ਪ੍ਰਭੁ ਆਪਿ ॥
ਨਾਨਕ ਤੇ ਜਨ ਸਹਿਜ ਸਮਾਤਿ ॥੫॥



www.AKJ.Org

## ਅਨੁਵਾਦ

(੧) ਜਨਮ ਤੋਂ ਲੈ ਜੋ ਮਰਨ ਤੀਕਰਾਂ, ਰਾਖੀ ਤੇਰੇ ਕਰੇ ਦਾਤਾਰ ॥
ਉਸ ਪ੍ਰੀਤਮ ਨਾਲ ਐ ਮਨ ਮੂਰਖ, ਤੂੰ ਕਾਹਤੋਂ ਨਹੀਂ ਕਰਦਾ ਪਿਆਰ ॥
(੨) ਜਿਸ ਦੀ ਸੇਵ ਕਮਾਇਆਂ ਬੰਦੇ, ਮਿਲ ਜਾਵਣ ਸਭ ਮਾਲ ਖ਼ਜ਼ਾਨੇ ॥
ਉਸ ਥੀਂ ਪਿਆਰੇ ਪ੍ਰੀਤ ਲਗਾਉਣਾ, ਐ ਮੂਰਖ ਤੂੰ ਕਿਉਂ ਨਾ ਜਾਣੇਂ ॥
(੩) ਐ ਬੰਦੇ ਜਿਹੜਾ ਹਰ ਵੇਲੇ, ਅੰਗ ਸੰਗ ਰਹਿੰਦਾ ਪ੍ਰਤਿਪਾਲ ॥
ਉਸ ਨੂੰ ਹੀ ਤੂੰ ਅੰਨ੍ਹਿਆਂ ਵਾਂਗਰ, ਕਿਉਂ ਕਰਦਾ ਏਂ ਦੂਰ ਖਿਆਲ ॥
(੪) ਜਿਸ ਦੀ ਸੇਵ ਕਮਾਇਆਂ ਐ ਮਨ, ਮਿਲਦਾ ਹੈ ਦਰਗਾਹੇ ਮਾਨ ॥
ਉਸ ਨੂੰ ਦਿਲੋਂ ਭੁਲਾਈ ਬੈਠਾਂ, ਕਿੰਨਾ ਤੂੰ ਮੂਰਖ ਨਾਦਾਨ ॥
(੫) ਭੂਲਣਹਾਰ ਸਦਾ ਇਹ ਬੰਦਾ, ਇਹ ਬੰਦਾ ਹੈ ਭੂਲਣਹਾਰ ॥
ਸਤਿਗੁਰ ਬਖਸ਼ਣਹਾਰ ਸੁਆਮੀ, ਉਸ ਦੀ ਮਹਿਮਾ ਅਪਰਮਪਾਰ ॥

## ਅਨੁਵਾਦ

(੧) ਛਡ ਕੇ ਰਤਨ ਜਵਾਹਰ ਬੰਦਾ, ਕੌਡਾਂ ਪਿਛੇ ਮਰਦਾ ਹੈ ॥
ਸੱਚਾ ਨਾਮ ਵਿਸਾਰ ਪ੍ਰਭੂ ਦਾ, ਝੂਠੇ ਧੰਦੇ ਕਰਦਾ ਹੈ ॥
(੨) ਜੋ ਵਸਤੂ ਛੱਡਣੀ ਪੈਣੀ ਏਂ, ਅਮਰ ਓਸ ਨੂੰ ਜਾਣ ਰਿਹਾ ਹੈ ॥
ਜਿਹੜੀ ਮੌਤ ਅਟੱਲ ਅਮਰ ਹੈ, ਉਸ ਨੂੰ ਦੂਰ ਪਛਾਣ ਰਿਹਾ ਹੈ ॥
(੩) ਜੋ ਮਾਇਆ ਏਥੇ ਛਡ ਜਾਣੀ, ਉਸ ਦੀ ਚਿੰਤਾ ਧਾਰੀ ਫਿਰਦਾਂ ॥
ਐ ਮਨ ਜੋ ਹੈ ਸਾਥੀ ਤੇਰਾ, ਉਸ ਨੂੰ ਦਿਲੋਂ ਵਿਸਾਰੀ ਫਿਰਦਾਂ ॥
(੪) ਚੰਦਨ ਦੀ ਉਹ ਸਾਰ ਕੀ ਜਾਣੇਂ, ਲਾਹ ਦੇਵੇ ਖੁਸ਼ਬੋਈ ਸਾਰੀ ॥
ਖੋਤਾ ਪ੍ਰੀਤ ਸਵਾਹ ਨਾਲ ਕਰਦਾ, ਸਮਝੇ ਚੰਦਨ ਤੋਂ ਖੇਹ ਪਿਆਰੀ ॥
(੫) ਮੋਹ ਮਾਇਆ ਦੇ ਭਿਆਨਕ ਖੂਹ ਵਿਚ, ਡਿੱਗੇ ਪਏ ਹਾਂ ਪ੍ਰਭੂ ਬਚਾਉ ॥
ਦਿਆਲੂ ਬਣ ਕੇ ਬਾਹਰ ਕੱਢੋ, ਸਤਿਗੁਰ ਬੇੜਾ ਬੰਨੇ ਲਾਉ ॥

## ਅਨੁਵਾਦ

(੧) ਬੰਦਾ ਹੋ ਕੇ ਪਸ਼ੂਆਂ ਜਿਹੜੀਆਂ, ਇਹ ਕਰਤੂਤਾਂ ਕਰਦਾ ਹੈ ॥
ਲੋਕ ਵਿਖਾਵਾ ਨਿਸ ਦਿਨ ਕਰ ਕੇ ਸਤਿਗੁਰ ਤੋਂ ਨਾ ਡਰਦਾ ਹੈ ॥
(੨) ਬਾਹਰੋਂ ਸਾਧੂ ਜਾਪਣ ਵਾਲੇ, ਅੰਦਰੋਂ ਮਨ ਦੇ ਗੰਦੇ ਨੇ ॥
ਪਰਗਟਿ ਹੋਣੋਂ ਰਹਿ ਨਹੀਂ ਸਕਦੇ, ਜੋ ਵੀ ਚੰਗੇ ਮੰਦੇ ਨੇ ॥
(੩) ਗਿਆਨ, ਧਿਆਨ, ਇਸ਼ਨਾਨ ਦਾ ਬਾਹਰੋਂ ਢੌਂਗ ਰਚਾਉਂਦੇ ਰਹਿੰਦੇ ਨੇ ॥
ਅੰਦਰੋਂ ਬੈਠੇ ਲੋਭੀ ਕੁੱਤੇ, ਮਨ ਭਟਕਾਉਂਦੇ ਰਹਿੰਦੇ ਨੇ ॥
(੪) ਦਿਲ ਵਿਚ ਅੱਗ ਬਲੇ ਅੰਤਾਂ ਦਾ, ਤਨੀ ਬਿਭੂਤ ਰਮਾਉਂਦੇ ਨੇ ॥
ਗਲ ਨੂੰ ਪੱਥਰ ਬੰਨ੍ਹ ਕੇ ਮੂਰਖ, ਸਾਗਰ ਤਰਨਾ ਚਾਹੁੰਦੇ ਨੇ ॥
(੫) ਜਿਸ ਦੇ ਹਿਰਦੇ ਨੂਰੀ ਪ੍ਰੀਤਮ, ਸਤਿਗੁਰ ਆਪ ਸਮਾਉਂਦਾ ਹੈ ॥
ਉਹ ਹੀ ਲੀਨ ਪ੍ਰਭੂ ਵਿਚ ਹੋ ਕੇ, ਸਹਿਜ ਅਵਸਾ ਪਾਉਂਦਾ ਹੈ ॥



www.AKJ.Org

(੧) ਸੁਨਿ ਅੰਧਾ ਕੈਸੇ ਮਾਰਗੁ ਪਾਵੈ ॥
ਕਰੁ ਗਹਿ ਲੇਹੁ ਓੜਿ ਨਿਬਾਹਵੈ ॥
(੨) ਕਹਾ ਬੁਝਾਰਤਿ ਬੂਝੈ ਡੋਰਾ ॥
ਨਿਸਿ ਕਹੀਐ ਤਉ ਸਮਝੈ ਭੋਰਾ ॥
(੩) ਕਹਾ ਬਿਸਨ ਪਦ ਗਾਵੈ ਗੁੰਗ ॥
ਜਤਨ ਕਰੈ ਤਉ ਭੀ ਸੁਰ ਭੰਗ ॥
(੪) ਕਹ ਪਿੰਗੁਲ ਪਰਬਤ ਪਰ ਭਵਨ ॥
ਨਹੀ ਹੋਤ ਊਹਾ ਉਸੁ ਗਵਨ ॥
(੫) ਕਰਤਾਰ ਕਰੁਣਾਮੈ ਦੀਨੁ ਬੇਨਤੀ ਕਰੈ ॥
ਨਾਨਕ ਤੁਮਰੀ ਕਿਰਪਾ ਤਰੈ ॥੬॥

(੧) ਸੰਗਿ ਸਹਾਈ ਸੁ ਆਵੈ ਨ ਚੀਤਿ ॥
ਜੋ ਬੈਰਾਈ ਤਾ ਸਿਉ ਪ੍ਰੀਤਿ ॥
(੨) ਬਲੂਆ ਕੇ ਗ੍ਰਿਹ ਭੀਤਰਿ ਬਸੈ ॥
ਅਨਦ ਕੇਲ ਮਾਇਆ ਰੰਗਿ ਰਸੈ ॥
(੩) ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ ॥
ਕਾਲੁ ਨ ਆਵੈ ਮੂੜੇ ਚੀਤਿ ॥
(੪) ਬੈਰ ਬਿਰੋਧ ਕਾਮ ਕ੍ਰੋਧ ਮੋਹ ॥
ਝੂਠ ਬਿਕਾਰ ਮਹਾ ਲੋਭ ਧ੍ਰੋਹ ॥
(੫) ਇਆਹੂ ਜੁਗਤਿ ਬਿਹਾਨੇ ਕਈ ਜਨਮ ॥
ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥੭॥

(੧) ਤੂ ਠਾਕੁਰੁ ਤੁਮ ਪਹਿ ਅਰਦਾਸਿ ॥
ਜੀਉ ਪਿੰਡੁ ਸਭੁ ਤੇਰੀ ਰਾਸਿ ॥
(੨) ਤੁਮ ਮਾਤ ਪਿਤਾ ਹਮ ਬਾਰਿਕ ਤੇਰੇ ॥
ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ ॥
(੩) ਕੋਇ ਨ ਜਾਨੈ ਤੁਮਰਾ ਅੰਤੁ ॥
ਊਚੇ ਤੇ ਊਚਾ ਭਗਵੰਤ ॥
(੪) ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ ॥
ਤੁਮ ਤੇ ਹੋਇ ਸੁ ਆਗਿਆਕਾਰੀ ॥
(੫) ਤੁਮਰੀ ਗਤਿ ਮਿਤਿ ਤੁਮਹੀ ਜਾਨੀ ॥
ਨਾਨਕ ਦਾਸ ਸਦਾ ਕੁਰਬਾਨੀ ॥੮॥੪॥


www.AKJ.Org

## ਅਨੁਵਾਦ

(੧) ਸੁਣ ਕੇ ਅੰਨ੍ਹਾ ਕਿਵੇਂ ਪ੍ਰਾਨੀ, ਰਸਤੇ ਰਸਤੇ ਜਾ ਸਕਦਾ ਹੈ ॥
ਆਪ ਪ੍ਰਭੂ ਜੇ ਹੱਥ ਪਕੜੇ ਤਾਂ, ਆਪਣੀ ਮੰਜ਼ਲ ਪਾ ਸਕਦਾ ਹੈ ॥
(੨) ਬੋਲਾ ਪ੍ਰਾਨੀ ਨਾਲ ਇਸ਼ਾਰੇ, ਕਿਦਾਂ ਸੋਝੀ ਪਾ ਸਕਦਾ ਹੈ ॥
ਕਹੀਏ ਰਾਤ ਸਮਝ ਕੇ ਦਿਨ ਉਹ, ਉਲਟਾ ਧੋਖਾ ਸਕਦਾ ਹੈ ॥
(੩) ਗੁੰਗਾ ਪ੍ਰਾਨੀ ਭਲਾ ਕਿਸ ਤਰ੍ਹਾਂ, ਗੀਤ ਪ੍ਰਭੂ ਦੇ ਗਾ ਸਕਦਾ ਹੈ ॥
ਜਤਨ ਕੀਤਿਆਂ ਫਿਰ ਵੀ ਨਹੀਂ ਉਹ, ਸੁਰ ਸਿਧੀ ਕੋਈ ਲਾ ਸਕਦਾ ਹੈ ॥
(੪) ਲੂਲੇ ਬੰਦੇ ਕੋਲੋਂ ਕਿਥੇ? ਪਰਬਤ ਚੜ੍ਹਿਆ ਜਾ ਸਕਦਾ ਹੈ ॥
ਉਸ ਦੀ ਓਥੇ ਪਹੁੰਚ ਨਹੀਂ ਹੈ, ਉਹ ਕੀ ਪੂਰੀ ਪਾ ਸਕਦਾ ਹੈ ॥
(੫) ਹੇ ਕਰਤਾਰ ਦਾਤਾਰ ਪ੍ਰੀਤਮ, ਮੇਰੀ ਇਹ ਅਰਦਾਸ ਪਿਆਰੇ ॥
ਸਤਿਗੁਰ ਮੇਹਰ ਤੇਰੀ ਜੇ ਹੋਵੇ, ਉਹ ਨੂਰੀ ਨੂੰ ਪਾਰ ਉਤਾਰੇ ॥

## ਅਨੁਵਾਦ

(੧) ਇਹ ਬੰਦਾ ਨਾ-ਸਮਝ ਬੜਾ ਹੈ, ਸਾਥੀ ਨੂੰ ਨਹੀਂ ਚਿਤ ਵਸਾਉਂਦਾ ॥
ਸੱਚਾ ਨਾਮ ਵਿਸਾਰ ਪ੍ਰਭੂ ਦਾ, ਵੈਰੀ ਨਾਲ ਪ੍ਰੀਤਾਂ ਪਾਉਂਦਾ ॥
(੨) ਰੇਤ ਦੇ ਘਰ ਵਿਚ ਵਾਸਾ ਕਰਕੇ, ਅਮਰ ਆਪ ਨੂੰ ਜਾਣ ਰਿਹਾ ਹੈ ॥
ਮਾਇਆ ਦੀ ਮਸਤੀ ਦੇ ਅੰਦਰ, ਇਹ ਨਰ ਮੌਜਾਂ ਮਾਣ ਰਿਹਾ ਹੈ ॥
(੩) ਮਨ ਵਿਚ ਏਹੋ ਪੱਕ ਪਕਾ ਕੇ, ਅਮਰ ਆਪ ਨੂੰ ਜਾਣੀ ਬੈਠਾ ॥
ਜਿਹੜੀ ਮੌਤ ਅਟੱਲ ਅਮਰ ਹੈ, ਉਸ ਨੂੰ ਦੂਰ ਪਛਾਣੀ ਬੈਠਾ ॥
(੪) ਕਾਮ, ਕ੍ਰੋਧ, ਮੋਹ, ਵੈਰ, ਵਿਰੋਧ, 'ਚ ਇਹ ਬੰਦਾ ਹੋਇਆ ਗ਼ਲਤਾਨ ॥
ਝੂਠ, ਬਿਕਾਰ, ਲੋਭ, ਠੱਗੀ ਵਿਚ, ਫਸ ਕੇ ਇਹ ਭੁਲਿਆ ਭਗਵਾਨ ॥
(੫) ਏਸ ਤਰ੍ਹਾਂ ਹੀ ਇਸ ਪ੍ਰਾਨੀ ਨੇ, ਜਨਮ ਗੁਜ਼ਾਰੇ ਬਾਰਮ-ਬਾਰ ॥
ਸਤਿਗੁਰ ਦੀ ਅਰਦਾਸ ਇਹ ਨੂਰੀ, ਮੇਹਰ ਕਰੇ ਆਪਣੀ ਕਰਤਾਰ ॥

## ਅਨੁਵਾਦ

(੧) ਹੇ ਮਾਲਕ ਤੂੰ ਸੁਆਮੀ ਮੇਰਾ, ਤੇਰੇ ਅੱਗੇ ਹੈ ਅਰਦਾਸ ॥
ਇਹ ਜੀਵਨ ਇਹ ਜਾਨ ਦੀ ਬਖਸ਼ਿਸ਼, ਇਹ ਤੇਰੀ ਹੀ ਸਾਰੀ ਰਾਸ ॥
(੨) ਤੂੰ ਹੈਂ ਮਾਤ, ਪਿਤਾ ਵੀ ਤੂੰ ਹੈਂ, ਅਸੀਂ ਤਾਂ ਤੇਰੇ ਸਾਰੇ ਬਾਲ ॥
ਸੁਖ ਅਨੰਦ ਮਿਲੇ ਜੋ ਸਾਨੂੰ, ਇਹ ਤੁਹਾਡੀ ਹੀ ਕ੍ਰਿਪਾ ਨਾਲ ॥
(੩) ਤੇਰਾ ਭੇਤ ਕਿਸੇ ਨਾ ਪਾਇਆ, ਤੇਰਾ ਆਦ ਨਾ ਕੋਈ ਅੰਤ ॥
ਤੇਰੇ ਜਿਹਾ ਕੋਈ ਹੋਰ ਨਹੀਂ ਹੈ, ਤੂੰ ਸਭ ਤੋਂ ਵੱਡਾ ਭਗਵੰਤੁ ॥
(੪) ਇਹ ਦੁਨੀਆਂ ਦੀ ਸਾਰੀ ਵਸਤੂ, ਤੇਰੇ ਹੁਕਮ ਖੜੋਤੀ ਦਿਸੇ ॥
ਤੇਰੇ ਹੁਕਮ 'ਚ ਹਰਕਤ ਕਰਦੀ, ਤੇਰੇ ਹੁਕਮ ਪਰੋਤੀ ਦਿਸੇ ॥
(੫) ਤੇਰਾ ਭੇਤ ਕਿਸੇ ਨਹੀਂ ਪਾਇਆ, ਤੂੰ ਆਪ ਨੂੰ ਸਕਦਾ ਜਾਣ ॥
ਤੇਰਾ ਸੇਵਕ ਸਤਿਗੁਰ ਤੇਰੇ, ਹਰ ਦਮ ਨੂਰੀ ਹੈ ਕੁਰਬਾਨ ॥



www.AKJ.Org

# ਹਨੇਰ ਸਾਈਂ ਦਾ !

*-ਜੱਥੇਦਾਰ ਭਾਈ ਸਾਹਿਬ ਭਾਈ ਰਾਮ ਸਿੰਘ ਜੀ*
ਮੁਖੀ ਅਖੰਡ ਕੀਰਤਨੀ ਜਥਾ

ਪਹਿਲੋਂ ਭੀ ਇਹ ਕਾਫ਼ੀ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਗੁਰੂ ਆਸ਼ੇ ਅਨੁਸਾਰ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਲੜੀਵਾਰ (ਜੁੜਤ ਸ਼ਬਦਾਂ ਵਾਲਾ) ਸਰੂਪ ਹੀ ਠੀਕ, ਦਰੁਸਤ ਅਤੇ ਅਕਾਲ ਪੁਰਖ ਵੱਲੋਂ ਧੁਰ-ਧੁਰੰਦਰੀ ਗਿਣਿਆ ਮਿਥਿਆ ਸਰੂਪ ਹੈ। ਗੁਰੂ ਸਾਹਿਬ ਜੀ ਦਾ ਪਦ-ਛੇਦ ਸਰੂਪ ਚਾਤੁਰ ਮਨਮਤੀਆਂ ਦੀ ਸੋਚਣੀ ਦਾ ਸਿੱਟਾ ਹੈ। ਇਹ ਮਜ਼ਮੂਨ ਲਤੀਫ਼ (ਬਾਰੀਕ) ਹੈ। ਜੇਕਰ ਹੁਣ ਤਕ ਕੀਤੇ ਗਏ ਉਪਰਾਲੇ ਦੇ ਬਾਵਜੂਦ ਭੀ ਇਹ ਘੁੰਡੀ ਕੁਝ ਕੁ ਸੱਜਣਾਂ ਦੀ ਸਮਝ ਵਿਚ ਨਾ ਆ ਸਕੀ ਹੋਵੇ ਤਾਂ ਉਨ੍ਹਾਂ ਦੀ ਸਹਾਇਤਾ ਵਾਸਤੇ ਇਕ ਹੋਰ ਉਪਰਾਲਾ ਕੀਤਾ ਜਾਂਦਾ ਹੈ।

ਗੁਰਬਾਣੀ ਦੇ ਲੜੀਦਾਰ ਸਰੂਪ ਤੋਂ ਪਾਠ ਕਰਨ ਵਾਲੇ ਪ੍ਰੇਮੀ, ਜਿਹੜੇ ਕਈ ਕਠਿਨ ਸ਼ਬਦਾਂ ਦੇ ਸ਼ੁਧ ਨਿਖੇੜ ਬਾਰੇ ਆਪਸ ਵਿਚ ਸਹਿਮਤੀ ਨਹੀਂ ਰੱਖਦੇ, ਗੁਰਬਾਣੀ ਦੇ ਗ਼ਲਤ ਉਚਾਰਨ ਨੂੰ, ਇਕ ਦੂਜੇ ਦਾ ਹੀ ਕਸੂਰ ਦੱਸਿਆ ਕਰਦੇ ਹਨ। ਕੋਈ ਕਹਿੰਦਾ ਹੈ ਪ੍ਰੋਫ਼ੈਸਰ ਸਾਹਿਬ ਸਿੰਘ ਜੀ ਦੇ ਟੀਕੇ ਮੁਤਾਬਿਕ ਸ਼ਬਦ-ਨਿਖੇੜ ਠੀਕ ਹੈ, ਕੋਈ ਕਹਿੰਦਾ ਹੈ ਭਾਈ ਕਾਹਨ ਸਿੰਘ ਜੀ ਦੇ ਕੋਸ਼ ਮੁਤਾਬਿਕ ਸ਼ਬਦ-ਨਿਖੇੜ ਠੀਕ ਹੈ, ਕੋਈ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਵੱਲੋਂ ਦਿੱਤੀ ਅਗਵਾਈ ਨੂੰ ਠੀਕ ਸਮਝਦਾ ਹੈ, ਕੋਈ ਕਿਸੇ ਟਕਸਾਲ ਨੂੰ ਅਤੇ ਕੋਈ ਕਿਸੇ ਟਕਸਾਲ ਨੂੰ ਠੀਕ ਮੰਨਦਾ ਹੈ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲ ਕੋਈ ਮਨੁੱਖ ਵੀ ਉਂਗਲ ਕਰਨ ਦੀ ਜੁਰੱਅਤ ਨਹੀਂ ਕਰ ਸਕਦਾ ਕਿ ਇਹ ਗ਼ਲਤੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹਨ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ 'ਸਮੂਹ ਗੁਰਬਾਣੀ' ਜੁੜਤ ਸ਼ਬਦਾਂ ਵਿਚ ਦਰਜ ਹੈ। ਲੜੀਦਾਰ ਸਰੂਪ ਤੋਂ ਠੀਕ ਜਾਂ ਗ਼ਲਤ ਉਚਾਰਨ ਕਰਨਾ ਪਾਠੀ ਜਨਾਂ ਦਾ ਆਪਣਾ ਹੀ ਕਰਤਵ ਹੈ। ਲੜੀਦਾਰ ਸਰੂਪ ਹੋਣ ਦੇ ਕਾਰਨ ਗੁਰੂ ਸਾਹਿਬ ਜੀ ਪਦ-ਛੇਦੀ-ਗ਼ਲਤੀਆਂ ਤੋਂ ਮੁਕਤ ਹਨ (ਗਲਤੀ-ਰਹਿਤ ਹਨ)। ਗੁਰੂ ਪੂਰਾ ਹੈ ਅਤੇ ਅਭੁੱਲਾ ਹੈ। ਅਸੀਂ ਅਧੂਰੇ ਹਾਂ ਅਤੇ ਸਦਾ ਹੀ ਭੁਲਣਹਾਰ ਹਾਂ।

ਹੁਣ ਆਪਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਦ-ਛੇਦ ਸਰੂਪ ਵੱਲ ਧਿਆਨ ਲਿਆਈਏ। ਕਈ ਪਦ-ਛੇਦ ਸਰੂਪ ਬਾਜ਼ਾਰੀ ਵਾਪਾਰੀਆਂ ਨੇ ਪਰਿੰਟ ਕਰਾਏ ਹਨ ਅਤੇ ਕਈ ਸ਼੍ਰੋਮਣੀ ਕਮੇਟੀ ਨੇ। ਇਨ੍ਹਾਂ ਵਿਚ ਕਈ ਪਦ-ਛੇਦੀ ਫਰਕ ਹਨ। ਇਨ੍ਹਾਂ ਸਰੂਪਾਂ ਵਿਚੋਂ ਕੋਈ ਭੀ ਇਕ ਸਰੂਪ ਸਮੂਹ ਟੀਕਾਕਾਰਾਂ ਦੀ ਤਸੱਲੀ ਨਹੀਂ ਕਰ ਸਕਦਾ। ਸ਼ਬਦਾਂ ਦੇ ਨਿਖੇੜ ਬਾਰੇ ਜਿਸ ਵਿਚ ਟੀਕਾਕਾਰ ਵੱਲੋਂ ਦਿੱਤੀ ਗਈ ਵਿਆਖਿਆ ਦਾ ਕੋਈ ਕਾਇਲ ਹੈ, ਉਹ ਉਸ ਟੀਕਾਕਾਰ ਨੂੰ ਦ੍ਰਿੜ੍ਹ ਵਿਸ਼ਵਾਸ ਨਾਲ ਠੀਕ ਸਮਝਦਾ ਹੈ ਅਤੇ ਬਾਕੀ ਦੇ ਟੀਕਾਕਾਰਾਂ ਦੀ ਦਲੀਲ ਨੂੰ ਗ਼ਲਤ ਸਮਝਦਾ ਹੈ। ਇਸ ਲਈ ਇਨ੍ਹਾਂ ਸਮੂਹ ਪਾਠੀਆਂ ਨੂੰ ਪਦ-ਛੇਦ ਸਰੂਪਾਂ ਵਿਚ ਕਈ ਕਈ ਗ਼ਲਤੀਆਂ ਪਰਿੰਟ ਹੋਈਆਂ ਨਜ਼ਰ ਆਉਂਦੀਆਂ ਹਨ, ਜਿਨ੍ਹਾਂ ਵੱਲ ਉਂਗਲਾਂ ਕਰ ਕੇ ਇਹ ਲੋਕ ਆਪਣੀ ਰਾਏ ਦਰੁਸਤ ਮਿਥਦੇ ਹਨ। ਇਸ ਤਰ੍ਹਾਂ ਗੁਰਬਾਣੀ ਦੇ ਗ਼ਲਤ ਉਚਾਰਨ ਦੀ ਜ਼ਿੰਮੇਵਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਰ ਹੀ ਥੱਪੀ ਜਾਂਦੀ ਹੈ। ਵਨੰਗੀ ਮਾਤਰ ਕੁਝ ਕੁ ਗ਼ਲਤੀਆਂ ਇਸ ਪ੍ਰਕਾਰ ਹਨ:

੧. ਇਕ ਟੀਕਾਕਾਰ ਕਹਿੰਦਾ ਹੈ, 'ਏਤੇ ਕੂਕਰ ਹਉ ਬੇਗਾਨਾ' ਪਾਠ ਠੀਕ ਹੈ
ਦੂਜਾ ਕਹਿੰਦਾ ਹੈ, 'ਏਤੇ ਕੂਕ ਰਹਉ ਬੇਗਾਨਾ' ਪਾਠ ਦਰੁਸਤ ਹੈ।

੨. ਇਕ ਕਹਿੰਦਾ ਹੈ, 'ਦਰ ਸਰੀਤਾ' ਸ਼ਬਦ ਨਿਖੇੜ ਠੀਕ ਹੈ।
ਦੂਜਾ ਕਹਿੰਦਾ ਹੈ 'ਦਰਸ ਰੀਤਾ' ਨਿਖੇੜ ਠੀਕ ਹੈ।

੩. ਕੋਈ 'ਪੰਚਾਹ ਰੁਨਿ ਦਲਿਅਉ' ਪਾਠ ਠੀਕ ਸਮਝਦਾ ਹੈ।
ਕੋਈ 'ਪੰਚਾਹਰੁ ਨਿਦਲਿਅਉ' ਨੂੰ ਠੀਕ ਸਮਝਦਾ ਹੈ।

੪. ਕੋਈ 'ਸਬਦੁ ਸੁਰਤਿ ਕੀ ਨੀਵ ਰਖਾਈ' ਹੀ ਦਰੁਸਤ ਮੰਨੀ ਬੈਠਾ ਹੈ।
ਅਤੇ ਦੂਜੇ 'ਸਬਦੁ ਸੁਰਤਿ ਕੀਨੀ ਵਰਖਾਈ' ਨੂੰ ਸਪਸ਼ਟ


www.AKJ.Org

ਕਰਦਾ ਹੈ।

ਪ. ਕੋਈ 'ਸਤਿਗੁਰ ਪ੍ਰਸਾਦਿ' ਨਿਖੇੜ ਨੂੰ ਠੀਕ ਸਮਝਦਾ ਹੈ ਕੋਈ 'ਸਤਿ ਗੁਰਪ੍ਰਸਾਦਿ' ਨਿਖੇੜ ਨੂੰ ਠੀਕ ਕਹਿੰਦਾ ਹੈ।

ਇਸ ਪ੍ਰਕਾਰ ਹੋਰ ਅਨੇਕਾਂ ਸ਼ਬਦ ਹਨ, ਜਿਨ੍ਹਾਂ ਨੇ ਸ਼ੁਧ ਨਿਖੇੜ ਬਾਰੇ ਗੁਣਵਾਨ ਵਿਅਕਤੀਆਂ ਵਿਚ ਇਕ ਰਾਏ ਨਹੀਂ ਹੈ? ਇਕ ਪਦ-ਛੇਦ ਸਰੂਪ ਕਿਹੜੇ ਕਿਹੜੇ ਟੀਕਾਕਾਰ ਦੀ ਤਸੱਲੀ ਕਰਾਏਗਾ? ਸਭਨਾ ਦੀ ਤਸੱਲੀ ਕਰਾਉਣੀ ਤਾਂ ਇਕ ਪਦ-ਛੇਦ ਸਰੂਪ ਲਈ ਅਸੰਭਵ ਹੈ। ਜਿਸ ਟੀਕਾਕਾਰ ਦੀ ਤਸੱਲੀ ਨਾ ਹੋਈ, ਉਹੋ ਹੀ ਪਦ-ਛੇਦ ਗ਼ਲਤੀਆਂ ਉੱਤੇ ਨੱਕ ਚੜ੍ਹਾਏਗਾ। ਤਾਂ ਫਿਰ ਪਦ-ਛੇਦ ਸਰੂਪ ਦਾ ਸਤਿਕਾਰ ਕਿਥੇ ਰਹਿਆ?

ਹਨੇਰ ਸਾਈਂ ਦਾ! ਗੁਰੂ ਗ਼ਲਤ ਅਤੇ ਅਸੀਂ ਠੀਕ! ਅਫ਼ਸੋਸ ਸਦ ਅਫ਼ਸੋਸ! ਗੁਰਬਾਣੀ ਨੂੰ ਪਦ-ਛੇਦ ਕਰਨ ਨਾਲ, ਇਕ ਕਿਸਮ ਦਾ, ਗੁਰੂ ਸਾਹਿਬ ਜੀ ਦੇ ਮੂੰਹ ਵਿਚ, ਗੁਰਬਾਣੀ ਦੇ ਗ਼ਲਤ ਉਚਾਰਨ ਨੂੰ ਪਾ ਦਿੱਤਾ ਗਿਆ ਹੈ। ਇਹ ਸਭ ਨੂੰ ਯਾਦ ਰਹੇ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਲੜੀਦਾਰ ਸਰੂਫ ਨੂੰ ਮੱਥਾ ਟੇਕ ਕੇ ਗੁਰ-ਗੱਦੀ ਬਖ਼ਸ਼ੀ ਸੀ। ਇਸ ਲਈ ਲੜੀਦਾਰ ਸਰੂਪ ਹੀ ਹੀ ਗੁਰ-ਗੱਦੀ ਦੇ ਮਾਲਕ ਹਨ ਅਤੇ ਸਮੂਹ ਪੰਥ ਵੱਲੋਂ ਪੂਰਨ ਸਤਿਕਾਰ ਦੇ ਯੋਗ ਹੱਕਦਾਰ ਹਨ।

ਲੜੀਦਾਰ ਸਰੂਪ ਹੀ ਇਕ ਅਜਿਹਾ ਸਰੂਪ ਹੈ ਜੋ ਗੁਰਬਾਣੀ ਦੀ ਸੰਪੂਰਨਤਾ ਅਤੇ ਸਹੀ ਹੋਣ ਦਾ ਸਾਖੀ ਹੈ ਅਤੇ ਪਦ-ਛੇਦੀ ਗ਼ਲਤੀਆਂ ਤੋਂ ਮੁਕਤ ਹੈ। "ਹਮਭੂਲਹਤੁਮਸਦਾਅਭੂਲਾ....(੧੨੧੩) ਵਾਲਾ ਗੁਰ-ਫ਼ੁਰਮਾਨ ਕੇਵਲ ਲੜੀਦਾਰ ਸਰੂਪ 'ਤੇ ਹੀ ਢੁਕਦਾ ਹੈ, ਪਦ ਛੇਦ ਸਰੂਪ 'ਤੇ ਨਹੀਂ। ਵੈਸੇ ਗੁਰਬਾਣੀ ਦਾ ਸਤਿਕਾਰ ਤਾਂ ਹਰ ਹਾਲਤ ਵਿਚ ਅਸਾਂ ਵਧ ਤੋਂ ਵਧ ਕਰਨਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਸ਼ਬਦ-ਨਿਖੇੜ ਗ਼ਲਤੀਆਂ ਗੁਰਬਾਣੀ ਨੂੰ ਪਦ-ਛੇਦ ਕਰਨ ਨਾਲ ਹੀ ਉਤਪੰਨ ਹੋਈਆਂ ਹਨ। ਇਨ੍ਹਾਂ ਗ਼ਲਤੀਆਂ ਦੇ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਹਿਸ ਮੁਬਹਿਸੇ ਦਾ ਵਿਸ਼ਾ ਬਣਾ ਦਿੱਤਾ ਗਿਆ ਹੈ, ਜਿਸ ਦਾ ਦੋਸ਼ ਅਥਵਾ ਪੂਰੀ ਜ਼ਿੰਮੇਵਾਰੀ ਗੁਰਬਾਣੀ ਨੂੰ ਪਦ-ਛੇਦ ਕਰਨ ਵਾਲਿਆਂ ਸੱਜਣਾਂ ਦੀ ਹੈ, ਜੋ ਕਿ ਨਾ-ਕਾਬਲੇ ਮੁਆਫ਼ੀ ਹੈ। ਪਦ-ਛੇਦ ਸਰੂਪ ਦਾ ਪਰਚਾਰ ਕਰਨਾ, ਅਥਵਾ ਇਸ ਦੀ ਹਾਮੀ ਭਰਨਾ ਭੀ ਸਾਨੂੰ ਇਸ ਦੋਸ਼ ਤੋਂ ਬਰੀ ਨਹੀਂ ਹੋਣ ਦਿੰਦਾ।

ਇਸ ਲਈ ਸਮੂਹ ਗੁਰ-ਅਸਥਾਨਾਂ, ਧਰਮਸਾਲਾਂ ਅਤੇ ਘਰਾਂ ਅੰਦਰ, ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਦਾ ਪ੍ਰਕਾਸ਼ ਹੋਣਾ ਉਚਿੱਤ. ਵਾਜਬ ਅਤੇ ਸਹੀ ਹੈ। ਕੇਵਲ ਇਸ ਤਰ੍ਹਾਂ ਕਰਨ ਨਾਲ ਹੀ ਗੁਰਬਾਣੀ-ਗ਼ਲਤ-ਉਚਾਰਨ ਦਾ ਦੋਸ਼, ਗੁਰੂ ਸਾਹਿਬ ਜੀ ਦੇ ਸਿਰ ਤੋਂ ਹਟਾ ਮੁੜ ਪਾਠੀ ਸੱਜਣਾਂ ਦੇ ਸਿਰ ਥੱਪਿਆ ਜਾ ਸਕਦਾ ਹੈ। ਫਿਰ ਦੋਸ਼ ਹੈ ਭੀ ਪਾਠੀ ਜਨਾਂ ਦਾ ਹੀ; ਗੁਰੂ ਸਾਹਿਬ ਜੀ ਦਾ ਨਹੀਂ ਹੈ। ਗੁਰੂ ਸਾਹਿਬ ਜੀ ਦੇ ਸਿਰ ਤਾਂ ਇਹ ਬਦੋ-ਬਦੀ ਮੜ੍ਹਿਆ ਗਿਆ ਹੈ। ਅਤੇ ਮੜ੍ਹਿਆ ਪਦ-ਛੇਦੀ ਪ੍ਰੇਮੀਆਂ ਨੇ ਹੈ।

ਪੰਥ ਦੇ ਸਮੂਹ ਜ਼ਿੰਮੇਵਾਰ ਵਿਅਕਤੀਆਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਆਪਣਾ ਅੱਗਾ ਸਵਾਰਨ ਲਈ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਨੂੰ ਮੁੜ ਬਹਾਲ ਕਰਨ ਦਾ ਪੂਰਨ ਉਪਰਾਲਾ ਕਰਨ ਅਤੇ ਇਨ੍ਹਾਂ ਸਰੂਪਾਂ ਨੂੰ ਅਜਾਈਂ ਹੀ ਨਾ ਅਗਨੀ-ਭੇਟ ਕਰਦੇ ਤੁਰੇ ਜਾਣ।

ਗ਼ਲਤ ਜ਼ਿੱਦ ਉੱਤੇ ਅੜੀ ਜਾਣਾ ਸ਼ੋਭਦਾ ਨਹੀਂ। ਸਹੀ ਸ਼ਬਦ ਨਿਖੇੜ ਸਤਿਗੁਰੂ ਆਪ ਹੀ ਜਾਣਦੇ ਹਨ ਜਾਂ ਉਹ ਜਾਨਣਗੇ ਜਿਨ੍ਹਾਂ ਉਤੇ ਗੁਰੂ ਸਾਹਿਬ ਜੀ ਪੂਰਨ ਬਖ਼ਸ਼ਿਸ਼ ਕਨਰਗੇ। ਅਸੀਂ ਅਲਪੱਗ ਜੀਵ ਛਾਤੀ 'ਤੇ ਹੱਥ ਰੱਖ ਕੇ ਦਾਅਵੇ ਨਾਲ ਨਹੀਂ ਕਹਿ ਸਕਦੇ ਕਿ ਫਲਾਣਾ-ਫਲਾਣਾ ਸ਼ਬਦ-ਨਿਖੇੜ ਬਿਲਕੁਲ ਠੀਕ ਹੈ। ਹਾ, ਆਪਣੀ ਆਪਣੀ ਬੁੱਧੀ ਅਨੁਸਾਰ ਅਨੁਮਾਨ ਲਗਾ ਸਕਦੇ ਹਾਂ।

ਸ਼ੁਧ ਪਾਠ ਕਰਨ ਕਰਾਉਣ ਦੇ ਵਾਜਬ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ।

**ਜਿਨ੍ਹਾਂ ਪਾਠਕਾਂ ਦਾ ਸਲਾਨਾ ਚੰਦਾ ਖ਼ਤਮ ਹੋ ਚੁੱਕਾ ਹੈ, ਨਵਾਂ ਚੰਦਾ ਭੇਜਣ ਦੀ ਕ੍ਰਿਪਾਲਤਾ ਕਰਨ।**



www.AKJ.Org

# ਵਿਸਾਖੀ ਦੀ ਵੰਗਾਰ

-ਬਲਜੀਤ ਸਿੰਘ ਖ਼ਾਲਸਾ

ਕੇਸਗੜ੍ਹ ਦੇ ਖੁੱਲੇ ਮੈਦਾਨ ਅੰਦਰ ਜਦੋਂ ਸੰਨ ੧੬੯੯ ਈ: ਦੀ ਵਿਸਾਖੀ ਨੂੰ ਇਕ ਇਲਾਹੀ ਸ਼ਮਸ਼ੀਰ ਚਮਕੀ, ਤਾਂ ਇਸ ਨੇ ਹਜ਼ਾਰਾਂ ਹੀ ਮਨਾਂ ਵਿਚ ਵੀਰਤਾ ਦੇ ਬੁਝ ਚੁੱਕੇ ਦੀਵੇ ਦੁਬਾਰਾ ਬਾਲ ਦਿੱਤੇ। ਨੰਗੀ ਸ਼ਮਸ਼ੀਰ ਹੱਥ ਵਿਚ ਫੜ੍ਹੀ ਸਟੇਜ਼ 'ਤੇ ਖਲੋਤੇ ਕਲਗੀਧਰ ਪਾਤਸ਼ਾਹ ਦੀ ਸਿੱਖਾਂ ਤੋਂ ਸਿਰ ਮੰਗਦੀ ਵੰਗਾਰ, ਸਿੱਖ ਮਨਾਂ ਨਾਲ ਖਹਿ ਕੇ ਲੰਘਦੀ ਹੋਈ ਲਲਕਾਰ ਬਣ ਕੇ ਦਿੱਲੀ ਦੇ ਲਾਲ ਕਿਲ੍ਹੇ ਦੀਆਂ ਕੰਧਾਂ ਨਾਲ ਜਾ ਟਕਰਾਈ। ਅਨੰਦਪੁਰ ਸਾਹਿਬ ਦੇ ਆਲੇ-ਦੁਆਲੇ ਦੇ ਪਹਾੜੀ ਰਾਜਿਆਂ ਨੂੰ ਆਪਣੀਆਂ ਰਿਆਸਤਾਂ ਅੰਦਰ ਇਕ ਜ਼ਬਰਦਸਤ ਭੁਚਾਲ ਆ ਜਾਣ ਦਾ ਖ਼ਤਰਾ ਮਹਿਸੂਸ ਹੋਣ ਲੱਗਾ। ਰੋਸ਼ਨੀ ਦੀ ਤੇਜ ਲਕੀਰ ਹਨੇਰਿਆਂ ਨੂੰ ਆਪਣੀ ਹੋਂਦ ਲਈ ਖ਼ਤਰਾ ਭਾਸਣ ਲੱਗ ਪਈ।

ਈਰਖਾਲੂ ਨਜ਼ਰਾਂ ਨੇ ਜਦੋਂ ਖੰਡੇ ਦੀ ਤਿੱਖੀ ਧਾਰ ਵਿਚੋਂ ਖ਼ਾਲਸੇ ਦੇ ਰੂਪ ਵਿਚ ਅਕਾਲ ਪੁਰਖ ਦੀ ਫੌਜ ਨੂੰ ਪ੍ਰਗਟ ਹੁੰਦੇ ਡਿੱਠਾ, ਤਾਂ ਉਹਨਾਂ ਨੂੰ ਆਪਣੀਆਂ ਝੂਠੀਆਂ ਪਾਤਸ਼ਾਹੀਆਂ ਦੀ ਹੋਂਦ ਖ਼ਤਰੇ ਵਿਚ ਪੈਂਦੀ ਜਾਪੀ। ਕੰਬਦੀਆਂ ਲੱਤਾਂ ਤੇ ਤੇਜ਼ੀ ਨਾਲ ਧੜਕਦੇ ਦਿਲਾਂ ਵਾਲੀਆਂ ਛਾਤੀਆਂ ਉੱਪਰ ਟਿਕੇ ਕਮੀਨੇ ਸਿਰ, ਰਾਜਪੂਤੀ ਸ਼ਾਨ ਦਾ ਮੁਜ਼ਾਹਰਾ ਕਰਨ ਲਈ ਔਰੰਗਜ਼ੇਬ ਦੇ ਹਜ਼ੂਰ ਜਾ ਪੇਸ਼ ਹੋਏ। ਚਾਣਕੀਆ ਕੂਟ-ਨੀਤੀ ਦੇ ਜ਼ਹਿਰ ਨਾਲ ਭਿੱਜੇ ਤੀਰ, ਨਿਸ਼ਾਨੇ ਬੰਨ੍ਹ-ਬੰਨ੍ਹ ਕੇ ਔਰੰਗਜ਼ੇਬ ਦੀ ਮਾਨਸਿਕਤਾ ਵੱਲ ਚਲਾਏ ਗਏ ਤਾਂ ਉਹ ਬੁੱਤ ਸ਼ਿਕਨ, ਰੋਸ਼ਨੀ ਨੂੰ ਘੇਰਨ ਲਈ ਬੁੱਤ ਪੂਜਕਾਂ ਦੀ ਮਦਦ ਕਰਨ ਲਈ ਤਿਆਰ ਹੋ ਗਿਆ, ਭਾਵੇਂ ਉਹ ਖੁਦ ਵੀ ਉਸ ਰੋਸ਼ਨੀ ਤੋਂ ਅੰਦਰੋ-ਅੰਦਰੀ ਭੈਅ-ਭੀਤ ਸੀ।

ਅਨੰਦਪੁਰ ਦੀਆਂ ਗਲੀਆਂ ਵਿਚ ਤੀਰਾਂ ਤਲਵਾਰਾਂ ਵਿਚ ਖੇਡਦਾ ਖਾਲਸਈ ਬਚਪਨ ਹੀ ਪਾਪ ਦੀਆ ਜੰਵਾਂ ਵੱਲੋਂ ਘੇਰ ਲਿਆ ਗਿਆ। ਖ਼ਾਲਸੇ ਦੀਆਂ ਸ਼ਮਸ਼ੀਰਾਂ ਨੂੰ ਖ਼ਾਲਸੇ ਦੇ ਬਚਪਨ ਵਿਚ ਹੀ ਹਕੀਕੀ ਖੇਡ ਖੇਡਣੀ ਪਈ। ਜ਼ੁਲਮ ਤੇ ਪਾਪ ਦੀਆਂ ਤਲਵਾਰਾਂ ਨੂੰ ਆਪਣੀਆਂ ਸ਼ਮਸ਼ੀਰਾਂ 'ਤੇ ਰੋਕਦਾ ਹੋਇਆ ਦਸਮ ਪਿਤਾ ਦਾ ਭੁਝੰਗੀ ਖਾਲਸਾ, ਬਚਪਨ ਤੋਂ ਜਵਾਨੀ ਵੱਲ ਤੁਰਿਆ। ਐਪਰ ਕੋਈ ਭੰਗਾਣੀ ਇਸ ਦੀ ਸਿਧਾਂਤਕ ਪਕਿਆਈ ਨੂੰ ਭੰਗ ਨਾ ਕਰ ਸਕੀ, ਕੋਈ ਸਰਸਾ ਇਸ ਦੇ ਕਦਮਾਂ ਦੀ ਰਵਾਨੀ ਨਾ ਰੋਕ ਸਕੀ, ਕੋਈ ਠੰਢਾ ਬੁਰਜ ਇਸ ਦੇ ਗਰਮ ਲਹੂ ਨੂੰ ਠਾਰ ਨਾ ਸਕਿਆ ਤੇ ਕੋਈ ਕੱਚੀ ਗੜ੍ਹੀ ਇਸ ਦੇ ਵੇਗ ਨੂੰ ਕੈਦ ਨਾ ਕਰ ਸਕੀ। ਬਦੀ ਦੇ ਪੈਰੋਕਾਰ ਇਸ ਦੀ ਹਸਤੀ ਮਿਟਾਉਣ ਲਈ ਕਟਕ ਬਣ-ਬਣ ਕੇ ਚੜ੍ਹਦੇ ਰਹੇ, ਪਰ ਇਹ ਧਰਮ ਦੀ ਮਸ਼ਾਲ ਅਤੇ ਚਮਕਦੀ ਸ਼ਮਸ਼ੀਰ ਲੈ ਕੇ ਮੌਤ ਦੀਆਂ ਗਲੀਆਂ 'ਚੋਂ ਲੰਘ-ਲੰਘ ਕੇ ਕੁਫ਼ਰ ਦੇ ਕਿਲ੍ਹਿਆਂ ਵਿਚ ਬੰਦ ਹੈਂਕੜ ਨੂੰ ਵੰਗਾਰਦਾ ਰਿਹਾ।

ਅਜੀਬ ਹਾਲਤ ਸੀ, ਇਕ ਪਾਸੇ ਮੁਗ਼ਲ ਸਾਮਰਾਜ ਜਾਂ ਪਠਾਣੀ ਹਮਲਾਵਰਾਂ ਦੀਆਂ ਚੱਲਦੀਆਂ ਤਲਵਾਰਾਂ ਨੂੰ ਵੀ ਧਰਮ ਯੁੱਧ (ਜਹਾਦ) ਦਾ ਨਾਮ ਦਿੱਤਾ ਜਾ ਰਿਹਾ ਸੀ, ਤੇ ਦੂਜੇ ਪਾਸੇ ਇਸ ਅਖੌਤੀ ਜਹਾਦ ਦੇ ਸਿਤਮ ਨੂੰ ਰੋਕਣ ਲਈ ਖ਼ਾਲਸਾ ਵੀ ਧਰਮ ਯੁੱਧ ਲੜ ਰਿਹਾ ਸੀ, ਫੈਸਲਾ ਕੌਣ ਕਰੇ ਕਿ ਅਸਲੀ ਧਰਮ-ਯੁੱਧ ਕਿਹੜਾ ਹੈ? ਇਸ ਫੈਸਲੇ ਲਈ ਕੋਈ ਜੱਜ ਨਿਰਧਾਰਤ ਕਰਨ ਦੀ ਲੋੜ ਨਾ ਪਈ, ਫੈਸਲਾ ਉਹਨਾਂ ਮਜ਼ਲੂਮ ਆਵਾਜ਼ਾਂ ਨੇ ਕਰ ਦਿੱਤਾ, ਜਦੋਂ ਉਹ ਅਖੌਤੀ ਜਹਾਦੀਆਂ ਦੀ ਕੈਦ ਵਿਚੋਂ ਖਾਲਸੇ ਨੂੰ ਸੰਬੋਧਿਤ ਹੋ ਕੇ ਪੁਕਾਰਨ ਲੱਗੀਆਂ:

*ਮੋੜੀਂ ਬਾਬਾ ਕੱਛ ਵਾਲਿਆ ਛਈ*
*ਨਹੀਂ ਤਾਂ ਗਈ ਰੰਨ ਬਸਰੇ ਨੂੰ ਗਈ*

ਇਹ ਫੈਸਲਾ ਸਹਿਮ ਦੇ ਪਰਛਾਵੇਂ ਹੇਠ ਘਰਾਂ ਦੀ ਚਾਰਦੀਵਾਰੀ ਵਿਚ ਦੁਬਕ ਕੇ ਬੈਠੀਆਂ ਮਾਸੂਮ ਔਰਤਾਂ ਦੀ ਉਸ ਆਵਾਜ਼ ਨੇ ਵੀ ਕਰ ਦਿੱਤਾ, ਜੋ ਸਿੰਘਾਂ ਦਾ ਆਉਣਾ ਸੁਣ ਕੇ ਹੀ ਮਜ਼ਲੂਮ ਬਸਤੀਆਂ ਵਿਚ ਚਹਿਕਦੀ ਤੇ ਗੂੰਜਦੀ ਸੀ:

*ਆਏ ਨੀ ਨਿਹੰਗ, ਬੂਹੇ ਖੋਲ੍ਹ ਦੇ ਨਿਸੰਗ*

ਇਹਨਾਂ ਸੰਤ ਸਿਪਾਹੀਆਂ ਦਾ ਆਉਣਾ ਸੁਣ ਕੇ ਜਿਥੇ ਮਜ਼ਲੂਮਾਂ ਦੇ ਬੂਹੇ ਖੁੱਲ੍ਹ ਜਾਂਦੇ ਸਨ, ਉਥੇ ਜ਼ਾਲਮਾਂ ਦੇ ਰੰਗ-ਮਹਿਲਾਂ ਦੀਆਂ ਕੰਧਾਂ ਕੰਬਣ ਲੱਗ ਪੈਂਦੀਆਂ ਸਨ। ਜਹਾਦੀਆਂ ਦੇ ਨਕਲੀ ਮਖੌਟਿਆਂ ਹੇਠ ਲੁਕੇ ਕਰੂਰ ਚਿਹਰਿਆਂ ਅੰਦਰ ਖ਼ਾਲਸੇ ਦਾ ਤੇਜ਼ ਝੱਲਣ ਦੀ ਸਮਰੱਥਾ ਨਹੀਂ ਸੀ, ਉਹ ਤੇਜ਼ ਜੋ ਮਜ਼ਲੂਮਾਂ ਲਈ ਰੋਸ਼ਨੀ ਅਤੇ ਜ਼ਾਲਮਾਂ ਲਈ ਅੰਗਿਆਰ ਬਣ ਕੇ ਪ੍ਰਗਟ ਹੋਇਆ ਸੀ। ਇਕ ਸ਼ਾਇਰ ਦੇ ਅਨੁਸਾਰ:

*ਮੌਕਾ ਵੇਖ ਕੇ ਸਿਰਲੱਥ ਸਿੰਘ ਸੂਰੇ*



www.AKJ.Org

*ਸ਼ਾਹੀ ਫੌਜ ਉੱਤੇ ਹੱਲਾ ਬੋਲ ਦਿੰਦੇ*
*ਪੈਂਦੇ ਚਾਣ-ਚੱਕ ਟੁੱਟ ਕੇ ਬਾਜ਼ ਵਾਗੂੰ*
*ਖੱਬੀ ਖਾਨਾਂ ਦੇ ਖੱਬੇ ਉਹ ਖੋਲ੍ਹ ਦਿੰਦੇ*
*ਕਈਆਂ ਪਾਪੀਆਂ ਦੇ ਬਿਸਤਰ ਗੋਲ ਕਰ ਕੇ*
*ਕਈਆਂ ਜ਼ਾਲਮਾਂ ਦੀ ਮਿੱਟੀ ਰੋਲ ਦਿੰਦੇ*
*ਹਿੰਦੂ ਲੜਕੀਆਂ ਕੈਦ 'ਚੋਂ ਕੱਢ ਕੇ ਤੇ*
*ਭੇਜ ਉਹਨਾਂ ਨੂੰ ਮਾਪਿਆਂ ਕੋਲ ਦਿੰਦੇ।......*
*ਅੱਧੀ ਰਾਤ ਨੂੰ ਰੋਜ ਦੇ ਹੱਲਿਆਂ ਤੋਂ*
*ਮੁਗ਼ਲ ਹਾਕਮ ਉਧਰ ਬੜੇ ਤੰਗ ਆ ਗਏ*
*ਹਾਕਮ ਆਖਦੇ ਕਿਥੋਂ ਇਹ ਸਿਰ ਲੱਥੇ*
*ਸਾਡੇ ਰੰਗ 'ਚ ਪਾਣ ਲਈ ਭੰਗ ਆ ਗਏ*
*ਉਧਰ ਮਜ਼ਲੂਮ ਜੈਕਾਰਾ ਜਦ ਸੁਣ ਲੈਂਦੇ*
*ਕਹਿੰਦੇ ਸ਼ੁਕਰ ਕਿ ਸਾਡੇ ਅੱਜ ਅੰਗ ਆ ਗਏ*
*ਨੂੰਹਾਂ ਧੀਆਂ ਨੂੰ ਕਹਿੰਦੇ ਆਵਾਜ਼ ਦੇ ਕੇ*
*ਬੂਹੇ ਖੋਲ੍ਹੋ ਨਿਸੰਗ, ਨਿਹੰਗ ਆ ਗਏ।*

*(ਦਾਨ ਸਿੰਘ ਕੋਮਲ)*

ਔਕੜਾਂ ਅਤੇ ਮੁਸੀਬਤਾਂ ਪਹਾੜ ਬਣ-ਬਣ ਕੇ ਇਸ ਸਿਰਲੱਥ ਕਾਫਲੇ ਦਾ ਰਾਹ ਰੋਕ-ਰੋਕ ਖਲੋਂਦੀਆਂ ਰਹੀਆਂ, ਪਰ ਇਹ ਪਰਬਤਾਂ ਦੀਆਂ ਛਾਤੀਆਂ ਚੀਰ-ਚੀਰ ਕੇ ਅੱਗੇ ਵਧਦਾ ਰਿਹਾ। ੧੬੯੯ ਦੀ ਵਿਸਾਖੀ ਨੂੰ ਕੇਸਗੜ੍ਹ ਤੋਂ ਤੁਰਿਆ ਸਿਰਲੱਥ ਧਰਮੀਆਂ ਦਾ ਇਹ ਕਾਫਲਾ, ਤਿੰਨ ਸਦੀਆਂ ਦੀ ਛੋਟੀ ਜਿਹੀ ਵਾਟ ਵਿਚ ਆਪਣੀ ਰੱਤ ਭਿੱਜੀ ਇਕ-ਇਕ ਪੈੜ੍ਹ ਵਿਚ ਤਵਾਰੀਖ ਦਾ ਸਿੰਗਾਰ ਬਣਨ ਲਈ ਬੜੇ ਅਹਿਮ ਪੰਨੇ ਛੱਡ ਆਇਆ ਹੈ, ਉਦੋਂ ਤੋਂ ਲੈ ਕੇ ਹੁਣ ਤਕ ਇਸ ਨੇ ਕਈ ਬਸੰਤਾਂ ਮਾਣੀਆਂ ਤੇ ਕਈ ਪੱਤਝੜਾਂ ਹੰਢਾਈਆਂ ਹਨ, ਪਰ ਇਸ ਦੇ ਪੈਰਾਂ ਵਿਚ ਭਰੀ ਥਕਾਵਟ ਨੂੰ ਮਿਟਾਉਣ ਲਈ ਵਿਸਾਖੀ ਤੋਂ ਇਲਾਵਾ ਹੋਰ ਕੋਈ ਵੰਗਾਰ ਅਜੇ ਤਕ ਕਾਰਗਰ ਸਾਬਤ ਨਹੀਂ ਹੋਈ।

ਸਿੱਖਾਂ ਦੇ ਆਲੇ-ਦੁਆਲੇ ਰਹਿੰਦੀਆਂ ਕੌਮਾਂ ਸ਼ਾਇਦ ਨਹੀਂ ਜਾਣਦੀਆਂ ਕਿ ਵਿਸਾਖੀ ਦੀ ਸਿੱਖਾਂ ਲਈ ਕੀ ਅਹਿਮੀਅਤ ਹੈ, ਇਸੇ ਲਈ ਇਸ ਪਵਿੱਤਰ ਦਿਹਾੜੇ ਨੂੰ ਕੋਈ ਡਾਇਰ, ਇਸ ਦੇ ਅੰਮ੍ਰਿਤਸਰ ਵਿਚਲੇ ਇਕ ਸ਼ਾਂਤ ਬਾਗ਼ ਵਿਚ ਤਬਾਹੀ ਮਚਾ ਕੇ ਇਸ ਦੀ ਤਾਕਤ ਨੂੰ ਵੰਗਾਰ ਬਹਿੰਦਾ ਹੈ, ਤਾਂ ਸਿੱਖਾਂ ਨੂੰ ਇਹ ਵੀ ਵਿਸਾਖੀ ਦੀ ਇਕ ਹੋਰ ਸਿਰ ਮੰਗਦੀ ਵੰਗਾਰ ਜਾਪਦੀ ਹੈ, ਇਸ ਵੰਗਾਰ ਨੂੰ ਕਬੂਲ ਕਰਕੇ ਹਜ਼ਾਰਾਂ ਹੀ ਸਿਰਲੱਥ ਸਿੱਖ ਗੱਭਰੂ ਸਿਰ ਤਲੀ 'ਤੇ ਰੱਖ ਕੇ ਜ਼ਾਲਮ ਸਰਕਾਰ ਨੂੰ ਜੜ੍ਹੋਂ ਪੁੱਟਣ ਲਈ ਤੁਰ ਪੈਂਦੇ ਹਨ; ਵਿਸਾਖੀ ਦੀ ਇਸੇ ਹੀ ਵੰਗਾਰ ਨਾਲ ਪ੍ਰਚੰਡ ਹੋਇਆ ਸਿੱਖ ਜ਼ਜਬਾ ੨੧ ਸਾਲਾਂ ਦੀ ਲਗਾਤਾਰ ਕੋਸ਼ਿਸ਼ ਰਾਹੀਂ ਲੰਡਨ ਦੇ ਸੁਰੱਖਿਅਤ ਕਿਲ੍ਹੇ ਵਿਚ ਬੈਠੇ ਜ਼ਾਲਮ ਦੀ ਛਾਤੀ ਵੀ ਚੀਰ ਦਿੰਦਾ ਹੈ।

ਧਰਮ ਨਾਲੋਂ ਟੁੱਟ ਚੁੱਕੇ ਬਹੁਗਿਣਤੀ ਸਿੱਖਾਂ ਵੱਲ ਵੇਖ ਕੇ ਜਦੋਂ ਕੋਈ ਇਸ ਦੇ ਜਿੰਦਾ ਜਾਂ ਮੁਰਦਾ ਹੋਣ ਦੀ ਪਰਖ ਕਰਨ ਲਈ ਵਿਸਾਖੀ ਦੇ ਦਿਹਾੜੇ ਅੰਮ੍ਰਿਤਸਰ ਦੀ ਪਵਿੱਤਰ ਧਰਤੀ 'ਤੇ ਦਸਮੇਸ਼ ਦੇ ਪੰਜ ਪਿਆਰਿਆਂ ਦੀ ਬਜਾਏ 'ਸੱਤ ਸਿਤਾਰੇ' ਸਿਰਜਣ ਦਾ ਹਮਾਕਤ ਭਰਿਆ ਐਲਾਨ ਕਰਦਾ ਹੈ ਤਾਂ ਮਦਹੋਸ਼ੀ ਦੇ ਆਲਮ ਵਿਚ ਸੁੱਤਾ ਸਿੱਖ ਜ਼ਜਬਾ ਵੀ ਅੰਗੜਾਈ ਲੈ ਕੇ ਜਾਗ ਉਠਦਾ ਹੈ। ਫਿਰ ਵਰ੍ਹਦੀਆਂ ਹੋਈਆਂ ਗੋਲੀਆਂ ਇਸ ਦਾ ਰਾਹ ਨਹੀਂ ਰੋਕ ਸਕਦੀਆਂ ਤੇ ਇਹ ਸੱਤ ਸਿਤਾਰਿਆਂ ਵਾਲੇ ਨਰਕਧਾਰੀ ਦੇ ਨਾਲ-ਨਾਲ ਉਸ ਦੇ ਮਾਲਕਾਂ ਨੂੰ ਵੀ ਦਿਨੇ ਹੀ ਤਾਰੇ ਵਿਖਾ ਦਿੰਦਾ ਹੈ।

ਵਿਸਾਖੀ ਫਿਰ ਸਿੱਖਾਂ ਨੂੰ ਵੰਗਾਰ ਰਹੀ ਹੈ ਕਿ ਗੁਰਮਤਿ ਦੇ ਪ੍ਰਕਾਸ਼ ਨਾਲ ਬ੍ਰਾਹਮਣਵਾਦ ਦੇ ਹਨੇਰੇ ਨੂੰ ਕੱਢਣ ਦੀ ਲਹਿਰ ਤੇਜ਼ ਕੀਤੀ ਜਾਵੇ। ਇਸ ਨਵੀਂ ਕਿਸਮ ਦੇ ਹਮਲੇ ਪ੍ਰਤੀ ਹਰ ਇਕ ਸਿੱਖ ਅਖਵਾਉਣ ਵਾਲੇ ਨੂੰ ਸੁਚੇਤ ਕਰਦਾ ਹੋਇਆ, ਮੈਂ ਉਸ ਗੁਰਸਿੱਖ ਸ਼ਾਇਰ ਦੀ ਵੰਗਾਰ ਨੂੰ ਨਵੇਂ ਸੰਦਰਭ ਵਿਚ ਦੁਹਰਾ ਕੇ ਆਪਣੀ ਗੱਲ ਖ਼ਤਮ ਕਰਦਾ ਹਾਂ ਜੋ ਉਸ ਨੇ ਸੰਨ ੧੯੭੮ ਦੀ ਵਿਸਾਖੀ ਨੂੰ ਪੰਥ 'ਤੇ ਹੋਏ ਹਮਲੇ ਉਪਰੰਤ ਸਿੱਖਾਂ ਨੂੰ ਪਾਈ ਸੀ। ਆਉ ਅਸੀਂ ਇਸ ਵੰਗਾਰ ਦੀ ਆਵਾਜ਼ ਨੂੰ ਮਿਲ ਕੇ ਬੁਲੰਦ ਕਰੀਏ:

*ਸਦਾ ਹਨੇਰੇ ਆਉਂਦੇ, ਅੱਜ ਵੀ ਆਏ ਨੇ*
*ਕਦ ਇਹਨਾਂ ਤੋਂ ਪਰ, ਸੂਰਜ ਘਬਰਾਏ ਨੇ*
*ਅੰਮ੍ਰਿਤਸਰ ਦੀਏ ਜੂਹੇ, ਅਸੀਂ ਜਿਊਂਦੇ ਹਾਂ*
*ਅਨੰਦਪੁਰ ਦੀਏ ਰੂਹੇ, ਅਸੀਂ ਜਿਊਂਦੇ ਹਾਂ*
*ਏਸ ਵਿਸਾਖੀ ਸਾਨੂੰ, ਫੇਰ ਜਗਾਇਆ ਹੈ*
*ਫਿਰ ਸਾਨੂੰ ਕੋਈ 'ਨੇਰ੍ਹਾ, ਪਰਖਣ ਆਇਆ ਹੈ*
*ਅੱਜ ਦੇ ਦਿਨ ਇਕ ਪ੍ਰਣ, ਅਸਾਂ ਨੇ ਕਰਨਾ ਹੈ*
*ਗੁਰੂ ਗ੍ਰੰਥ-ਪੰਥ ਲਈ ਜੀਣਾ, ਇਸ ਲਈ ਮਰਨਾ ਹੈ*
*ਹੁਣ ਨਾ ਅੱਖਾਂ ਮੀਟਿਆਂ, ਬੁੱਤਾ ਸਰਨਾ ਹੈ*
*ਪੈਣਾ ਸਾਨੂੰ ਸੀਸ, ਤਲੀ 'ਤੇ ਧਰਨਾ ਹੈ।*

*(ਪ੍ਰੋ: ਸ਼ੇਰ ਸਿੰਘ ਕੰਵਲ)*



www.AKJ.Org

# ਰਹਿਤ ਮਰਯਾਦਾ ਖਾਲਸੇ ਦੀ

*-ਮਨਜੀਤ ਸਿੰਘ ਪਸਰੀਚਾ*

ਪਹਿਲੇ ਪੰਜ ਸਿੱਖਾਂ ਨੂੰ ਸਿੰਘ ਸਾਜ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਇਹਨਾਂ ਪੰਜਾਂ ਸਿੰਘਾਂ ਕੋਲੋਂ ਅੰਮ੍ਰਿਤ ਛਕਿਆ। ਇਹ ਦੁਨੀਆਂ ਦੇ ਇਤਿਹਾਸ ਵਿਚ ਇਕੋ ਇਕ ਨਿਵੇਕਲੀ, ਅਨੋਖੀ ਤੇ ਸੁਨਿਹਰੀ ਅੱਖਰਾਂ ਵਿਚ ਅੰਕਿਤ ਕਰਨ ਵਾਲੀ ਘਟਨਾ ਸੀ। ਜਿਸਨੇ ਆਪਣੇ ਆਪ ਵਿਚ ਅਜਿਹੀ ਛਾਪ ਛੱਡੀ ਜਿਸ ਕਾਰਨ ਕੋਈ ਸਿੱਖ ਇਹ ਕਹਿਣ ਦਾ ਹੱਕਦਾਰ ਨਹੀਂ ਛੱਡਿਆ ਕਿ ਉਸ ਨੂੰ 'ਅੰਮ੍ਰਿਤ' ਛਕਣ ਤੋਂ ਛੋਟ ਮਿਲ ਗਈ ਹੈ। ਜਦੋਂ ਖ਼ਾਲਸਾ ਪੰਥ ਦੇ ਅਨੋਖੇ ਡਾਕਟਰ ਤੇ ਸੰਪੂਰਨਤਾ ਦੀ ਛੋਹ ਦੇਣ ਵਾਲੇ ਕਰਤਾ-ਧਰਤਾ ਅਤੇ ਬਾਨੀ ਨੇ ਖੁਦ ਇਸ 'ਅੰਮ੍ਰਿਤ' ਦੀ ਛੋਟ ਆਪਣੇ 'ਤੇ ਲਾਗੂ ਨਹੀਂ ਕੀਤੀ ਤਾਂ ਭਲਾ ਉਹ ਦੂਸਰੇ 'ਤੇ ਕਿਵੇਂ ਲਾਗੂ ਹੋ ਸਕਦੀ ਹੈ?

ਗੁਰੂ ਜੀ ਨੇ ਬੈਠੀ ਸਿੱਖ ਸੰਗਤ ਵੱਲ ਦੇਖ ਬਚਨ ਕੀਤਾ, "ਭਾਈ ਸਿੱਖੋ! ਜਿਥੇ ਪਹਿਲੇ ਸਤਿਗੁਰਾਂ ਸਿੱਖੀ ਕੀ ਪਰਖ ਕੀ ਤਾਂ ਉਸ ਸਮੇਂ ਪਰਖ ਬੀਚ ਇਕੇਲਾ ਭਾਈ ਲਹਿਣਾ ਹੀ ਸਾਬਤ ਨਿਕਲਾ ਥਾ। ਸਤਿਗੁਰਾਂ ਉਸੇ ਆਪਨੇ ਅੰਗ ਕੇ ਗੱਲ ਲਗਾਇ ਉਸ ਕਾ ਨਾਉ ਅੰਗਦ ਰਾਖਾ ਥਾ। ਅਬ ਕੀ ਵਾਰ ਪਾਂਚ ਮਰਜੀਵੜੇ ਸਿਖ ਪਰਖ ਮੇ ਸਾਤਬ ਨਿਕਲੇ ਹੈ, ਮੈਂ ਇਨ ਕੋ 'ਪਾਂਚ ਪਿਆਰੇ' ਕੀ ਪਦਵੀ ਦੇਤਾ ਹੂੰ। ਜਬ ਤੀਕ ਸੂਰਜ ਤੇ ਚਾਂਦ, ਧਰਤੀ ਤੇ ਅਸਮਾਨ ਰਹੇਂਗੇ ਇਨ ਕਾ ਨਾਉਂ ਰਹਿੰਦੀ ਦੁਨੀਆਂ ਤਕ ਰਹੇਗਾ।" ਗੁਰੂ ਜੀ ਕਹਾ, "ਭਾਈ ਸਿੱਖੋ! ਆਜ ਸੇ ਦੋ ਵੇਲੇ ਕੀ ਅਰਦਾਸ ਮੇਂ ਇਨ ਕਾ ਨਾਮ ਸਿੱਖ ਸੰਗਤਾਂ ਲਿਆ ਕਰੇਗੀ। ਜਬ ਕਹੀਂ ਤ੍ਰਿਹਾਵਲ ਪ੍ਰਸਾਦਿ ਕੀ ਦੇਗ ਤਿਆਰ ਹੋਇਗੀ, ਇਨ ਪਾਂਚੋ ਕਾ ਛਾਦਾ ਹਮਾਰੇ ਪੀਛੇ ਨਿਕਾਲਾ ਜਾਇਗਾ।" ਸਤਿਗੁਰਾਂ ਭਾਈ ਚਉਪਤਿ ਰਾਇਕ ਕੀ ਤਰਫ਼ ਦੇਖਾ ਬਚਨ ਹੋਆ "ਭਾਈ ਸਿੱਖਾ! ਇਹ ਬਨੀ ਹੂਈ ਚਰਨ ਪਾਹੁਲ ਗਾਗਰ ਮੇਂ ਪਾਇ ਸਤਿਲੁਧਰ ਨਦੀ ਮੇ ਪ੍ਰਵਾਹ ਆਈਏ। ਵਾਪਸੀ ਤੇ ਇਸੀ ਗਾਗਰ ਮੇਂ ਸਵੱਛ ਨਦੀ ਕਾ ਪਾਨ ਪਾਇਨ ਕੇ ਲਈ ਆਨਾ, ਹਮ ਖਾਂਡੇ ਕੀ ਪਾਹੁਲ ਤਿਆਰ ਕਰਨੀ ਹੈ।"

ਬਚਨ ਹੋਆ- "ਤੁਸਾਂ ਕਾ ਪਿਛਲਾ ਜਨਮ, ਧਰਮ, ਕਰਮ, ਭਰਮ ਤੇ ਸ਼ਰਮ ਪਾਂਚੋਂ ਜਾਤੀ ਰਹੀ ਹੈਂ। ਤੁਮ੍ਹੇ ਖਾਲਸਾ ਬਨਾਇ ਸਰਗੁਨ ਸਰੂਪ ਕਾਲ ਕਾ ਬਾਣਾ ਦੀਆ ਹੈ, ਇਸ ਕੀ ਲਾਜ ਪਾਲਨਾ। ਤੁਮ੍ਹੇ ਪਾਹੁਲ ਦੇਨੇ ਸੇ ਪਹਿਲੇ ਹਮਨੇ ਪਾਂਚ ਕਕਾਰ ਦੀਏ ਹੈਂ, ਇਨ੍ਹੇ ਭੂਲ ਕੇ ਬਦਨ ਸੇ ਜੁਦਾ ਨਹੀਂ ਕਰਨਾ। ਪ੍ਰਿਥਮੇ ਤੁਸਾਂ ਕੋ ਨੀਲੀ ਰੰਗ ਕੀ ਕੇਸਕੀ, ਕੰਘਾ, ਕ੍ਰਿਪਾਨ, ਸਰਬ-ਲੋਹ ਕਾ ਕੜਾ ਤੇ ਸਫੈਦ ਰੰਗ ਕਾ ਕਛਹਿਰਾ ਦੀਆ ਹੈ। ਇਨ ਮੇਂ ਏਕ ਭੀ ਜੁਦਾ ਹੋਇ ਜਾਇ, ਗੁਰਦਆਰੇ ਜਾਇ ਸੰਗਤ ਮੇਂ ਬਖਸ਼ਾਨਾ, ਢੀਲ ਨਹੀਂ ਪਾਨਾ। ਹੁਣ ਆਪ ਚਾਰ ਬੱਜਰ ਕੁਰਹਿਤ ਸੁਨੀਏ, ਜਿਸ ਸੇ ਸਿੱਖ ਸਿੱਖੀ ਸੇ ਪਤਿਤ ਹੋਇ ਜਾਤਾ ਹੈ ਤੇ ਸੰਗਤ ਪੰਗਤ ਮੇਂ ਅਭੇਦ ਨਹੀਂ ਹੋਇ ਸਕਦਾ। ਪ੍ਰਿਥਮੇ ਚੋਟੀ ਸੇ ਲੈ ਕੇ ਪਾਉਂ ਕੇ ਅੰਗੂਠੇ ਤੀਕ ਰੋਮਾਂ ਦੀ ਬੇਅਦਬੀ, ਕੁੱਠਾ-ਮਾਸ ਖਾਨਾ, ਤਮਾਕੂ ਕਾ ਸੇਵਨ, ਤੁਰਕਨੀ ਕਾ ਸੰਗ, ਇਨ ਮੇਂ ਏਕ ਵੀ ਕੁਰਹਿਤ ਹੋਇ ਜਾਏ, ਦੁਬਾਰਾ ਖਾਂਡੇ ਕੀ ਪਾਹੁਲ ਲੈ ਕੇ ਭੂਲ ਬਖ਼ਸ਼ਾਨਾ। ਮੀਣੇ, ਧੀਰ-ਮੱਲੀਏ, ਰਾਮਰਾਈਏ, ਮਸੰਦ ਔਰ ਸਿਰਗੁੰਮ; ਇਨ ਪਾਂਚੋਂ ਸੇ ਮੇਲ ਨਹੀਂ ਕਰਨਾ। ਇਨ ਪਾਂਚੋ ਮੇਂ ਏਕ ਵੀ ਸੰਗਤ ਮੇਂ ਆਇ ਕੇ ਭੂਲ ਬਖ਼ਸ਼ਾਏ, ਬਖਸ਼ ਦੇਣਾ। ਭਰਮ ਨਹੀਂ ਕਰਨਾ। ਤੁਸਾਂ ਸਿਵਾਇ ਮਹਾਂਕਾਲ ਕੇ- ਮੱਠ, ਮੜ੍ਹੀ, ਗੋਰ ਕੋ ਭੁਲ ਕੇ ਨਾਹੀ ਮਾਨਨਾ, ਮੈਂ ਤੁਸਾਂ ਕੋ ਸੁਨਹਿਰੇ ਮੇਂ ਰਲਾਇ ਦੀਆਂ ਹੈ, ਆਪਸ ਮੇਂ ਭਰਮ ਭੇਦ ਨਹੀਂ ਰਾਖਨਾ।

ਭਾਈ ਸਿੱਖੋ! ਕਿਸੀ ਕੋ ਭੈ ਨਹੀਂ ਦੇਨਾ, ਨਾ ਕਿਸੀ ਕਾ ਮਾਨਨਾ। ਏਕ ਅਕਾਲ ਪੁਰਖ ਤੇ ਭਰੋਸਾ ਰਾਖਾਨ, ਉਹੀ ਹਰ ਥਾਂਇ ਸਹਾਈ ਹੋਇਗਾ। ਦਸਾਂ ਨੌਹਾਂ ਦੀ ਕਮਾਈ ਕਰਨਾ। ਇਸ ਕਮਾਈ ਸੇ ਗੁਰੂ ਕੇ ਨਮਿੱਤ ਕਾ ਦਸਵੰਧ ਨਿਕਾਲਨਾ। ਘਰ ਮੇਂ ਗੁਰੂ ਕੀ ਗੋਲਕ ਰਾਖਾਨ, ਗਰੀਬ ਕੀ ਰਸਨਾ ਕੋ ਗੁਰੂ ਕੀ ਗੋਲਕ ਜਾਨਨਾ, ਭਰਮ ਨਹੀਂ ਕਰਨਾ। ਗੁਰੂ ਕੀ ਨਿੰਦਾ ਕਿਸੇ ਨਹੀਂ ਸੁਣਨੀ, ਜੇ ਕੋਈ ਕਰੇ ਉਸੇ ਧੀਰ ਸੇ ਸਮਝਾਨਾ, ਨਾ ਸਮਝੇ ਤਾਂ ਉਸੇ ਕ੍ਰਿਪਾਨ ਭੇਟ ਕਰ ਦੇਨਾ ਜਾਂ ਉਸੇ ਛੋੜ ਆਗੇ ਪੀਛੇ ਹੋਇ ਜਾਨਾ। ਅੰਮ੍ਰਿਤ ਵੇਲੇ ਜਾਗਨਾ, ਦਾਤਨ ਕਰਕੇ, ਇਸ਼ਨਾਨ ਕਰਨਾ। ਨਾਮ ਜਪਨਾ, ਜਪਾਨਾ, ਬਾਣੀ ਪੜ੍ਹਨਾ, ਪੜਾਨਾ, ਦਿਵਸ ਚੜ੍ਹੇ ਸੰਗਤ ਮੇਂ ਜਾਨਾ। ਚੌਥੇ ਦਿਵਸ ਸੇ ਕੇਸੀ ਇਸ਼ਨਾਨ ਕਰਨ, ਦੋ ਵੇਲੇ ਕੰਘਾ ਕਰਨਾ, ਕੇਸਾਂ ਦੀ



www.AKJ.Org

ਸੰਭਾਲ ਕਰਨਾ, ਜੂਠੇ ਹਾਥ ਨਹੀਂ ਲਗਾਨਾ, ਇਨ ਕਾ ਸਤਿਕਾਰ ਗੁਰੂ ਕੇ ਸਮਾਨ ਕਰਨਾ। ਕੁੜੀਮਾਰ, ਨੜੀਮਾਰ, ਕਿਸੀ ਦਾ ਪੈਸਾ ਲੇਨੇ ਵਾਲਾ, ਪਾਹੁਲ ਲੈ ਕੇ ਕੁਕਰਮ ਕਰਨੇ ਵਾਲਾ, ਗੁਰੂ ਧਰੋਹੀ; ਇਨ ਪਾਂਚੋਂ ਸੇ ਦੂਰ ਰਹਿਨਾ। ਗਊ-ਗਰੀਬ ਕੀ ਰੱਖਿਆ ਕਰਨੀ, ਭਾਦਨੀ ਕੀ ਬੇਟੀ ਦਾ ਰਿਸ਼ਤਾ ਲੈ ਲੈਨਾ ਤੇ ਉਸੇ ਭੂਲ ਕੇ ਨਹੀਂ ਦੇਨਾ, ਜੋ ਦੇਇਗਾ ਸੰਗਤ ਪੰਗਤ ਮੇਂ ਅਭੇਦ ਨਹੀਂ ਹੋਇ ਸਕਤਾ। ਪਰ ਬੇਟੀ ਕੋ ਬੇਟੀ ਜਾਨਨਾ, ਪਰ ਇਸਤਰੀ ਕੋ ਮਾਤਾ ਸਮਾਨ ਮਾਨਨਾ। ਅਪਨੀ ਇਸਤਰੀ ਬਗੈਰ ਗੰਦੀ ਵਾਸ਼ਨਾ ਲੈ ਕੇ ਕਿਸੀ ਤਰਫ਼ ਨਹੀਂ ਦੇਖਨਾ। ਬੱਚੇ-ਬੱਚੀਆਂ ਨੂੰ ਗੁਰਮੁਖੀ ਅੱਖਰ ਪੜ੍ਹਾਨ ਉਪਰੰਤ ਹੋਰ ਵਿਦਿਆ ਯਹਾਂ ਮਿਲੇ ਲੈ ਲੇਨਾ, ਭਰਮ ਨਹੀਂ ਕਰਨਾ। ਗੁਰਦੁਆਰੇ ਸੁਬ੍ਹਾ-ਸ਼ਾਮ ਦੋ ਵੇਲੇ ਜਾਨਾ, ਸੰਗਤ ਮੇਂ ਜਾਇ, ਦੋਇ ਹਾਥ ਬਾਂਧ ਫਤੇ ਗਜਾਨਾ, ਬਿਨਾਂ ਦਰਸ਼ਨ ਕੀਤਿਆਂ ਅੰਨ-ਪਾਣੀ ਗ੍ਰਹਿਣ ਨਹੀਂ ਕਰਨਾ।"[1]

ਭਾਈ ਕਾਨ੍ਹ ਸਿੰਘ ਨਾਭਾ ਮੁਤਾਬਕ: "ਸਿੱਖ ਧਰਮ ਦੇ ਪ੍ਰਸਿੱਧ ਰਹਿਤਨਾਮੇ ਇਹ ਹਨ- ਗੁਰਬਾਣੀ, ਭਾਈ ਗੁਰਦਾਸ ਜੀ ਦੀ ਬਾਣੀ, ਭਾਈ ਨੰਦ ਲਾਲ ਜੀ ਦੀ ਰਚਨਾ, ਸਰਬ-ਲੋਹ ਪ੍ਰਕਾਸ਼, ਤਨਖਾਹਨਾਮਾ, ਚੌਪਾ ਸਿੰਘ ਦਾ ਰਹਿਤਨਾਮਾ, ਪ੍ਰਹਲਾਦ ਸਿੰਘ ਦਾ ਰਹਿਤਨਾਮਾ, ਪ੍ਰੇਮ ਸੁਮਾਰਗ, ਪ੍ਰਸੋਨਤਰ ਭਾਈ ਨੰਦ ਲਾਲ ਦਾ, ਦੇਸਾ ਸਿੰਘ ਦਾ ਰਹਿਤਨਾਮਾ, ਦਯਾ ਸਿੰਘ ਦਾ ਰਹਿਤਨਾਮਾ, ਸੰਗਤਿ ਦਾ ਪ੍ਰਸ਼ਨ, ਗੁਰੁ ਸੋਭਾ, ਰਤਨਮਾਲ (ਸੌ ਸਾਖੀ), ਵਾਜਬੁਲ ਅਰਜ, ਮਹਿਮਾ ਪ੍ਰਕਾਸ਼, ਗੁਰੁ ਬਿਲਾਸ ਭਾਈ ਸੁੱਖਾ ਸਿੰਘ ਦਾ, ਗੁਰੁ ਪ੍ਰਤਾਪ ਸੂਰਯ।"[2]

ਭਾਈ ਗੁਰਦਾਸ ਜੀ ਅਨੁਸਾਰ:

"ਦੇਖਿ ਪਰਾਈਆ ਚੰਗੀਆਂ
ਮਾਵਾਂ ਭੈਣਾਂ ਧੀਆਂ ਜਾਣੈ॥
ਉਸੁ ਸੂਅਰੁ ਉਸੁ ਗਾਇ ਹੈ
ਪਰ ਧਨ ਹਿਦੂੰ ਮੁਸਲਮਾਣੈ॥
ਪੁਤ੍ਰ ਕਲਤ੍ਰ ਕੁਟੰਬੁ ਦੇਖਿ ਮੋਹੇ
ਮੋਹਿ ਨ ਧੋਹਿ ਧਿਙਾਣੈ॥
ਉਸਤਤਿ ਨਿੰਦਾ ਕੰਨਿ ਸੁਣਿ
ਆਪਹੁ ਬੁਰਾ ਨ ਆਖਿ ਵਖਾਣੈ॥
ਵਡ ਪਰਤਾਪ ਨ ਆਪੁ ਗਣਿ
ਕਰਿ ਅਹੰਮੇਉ ਨ ਕਿਸੈ ਰਞਾਣੈ॥
ਗੁਰਮੁਖਿ ਸੁਖ ਫਲ ਪਾਇਆ
ਰਾਜ ਜੋਗੁ ਰਸ ਰਲੀਆ ਮਾਣੈ।
ਸਾਧ ਸੰਗਤਿ ਵਿਟਹੁ ਕੁਰਬਾਣੈ॥[3]

ਪ੍ਰਿੰਸੀਪਲ ਸਤਿਬੀਰ ਸਿੰਘ ਮੁਤਾਬਕ:

"ਜੁੜੀਆਂ ਸੰਗਤਾਂ ਨੂੰ ਕਹਿਆ, 'ਤੁਸੀਂ ਖੰਡੇ ਦਾ ਅੰਮ੍ਰਿਤ ਪੰਜਾਂ ਤੋਂ ਲੈਣਾ, ਕੇਸ ਰਖਣੇ ਇਹ ਸਾਡੀ ਮੋਹਰ ਹੈ। ਕਛ, ਕਿਰਪਾਨ, ਦਾ ਵਿਸਾਹ ਨਹੀਂ ਕਰਨਾ। ਸਰਬਲੋਹ ਦਾ ਕੜਾ ਹੱਥ ਰਖਣਾ, ਦੋਨੋਂ ਵਕਤ ਕੇਸਾਂ ਦੀ ਕੰਘੇ ਸੇ ਪਾਲਣਾ ਕਰਨੀ, ਸਰਬੱਤ ਸੰਗਤ ਅਭਾਖਿਆ ਦਾ ਕੁੱਠਾ ਖਾਵੈ ਨਾਹੀ। ਜਗਤ ਜੂਠ ਤੰਮਾਕੂ ਨ ਸੇਵਨਾ, ਪਰ-ਤਨ ਗਾਮੀ ਨਾ ਹੋਣਾ। ਗੁਰਬਨੀ ਪੜ੍ਹਨੀ।' ਫਿਰ ਫੁਰਮਾਇਆ, 'ਮੈਂ ਚਾਹੁੰਦਾ ਹਾਂ, ਤੁਸੀਂ ਸਾਰੇ ਇਕ ਰਾਹ 'ਤੇ ਟੁਰੋ ਤੇ ਇਕ ਹੀ ਧਰਮ ਅਪਣਾਓ। ਵੱਖ-ਵੱਖ ਜਾਤਾਂ ਦਾ ਜਿਨ੍ਹਾਂ ਦਾ ਵਰਣਨ ਸ਼ਾਸਤ੍ਰਾਂ ਵਿਚ ਆਇਆਂ ਹੈ, ਮੁੱਢ ਤੋਂ ਹੀ ਖ਼ਤਮ ਕਰ ਦਿਓ ਤੇ ਇਕ ਦੂਜੇ ਨਾਲ ਖੁਲਕੇ ਮਿਲੋ ਜੁਲੋ। ਕੋਈ ਵੀ ਆਪਣੇ ਆਪ ਨੂੰ ਇਕ ਦੂਜੇ ਨਾਲੋਂ ਵੱਡਾ ਨਾ ਸਮਝੇ। ਪੁਰਾਣੇ ਗ੍ਰੰਥਾਂ ਦੀ ਕੈਦ ਵਿਚੋਂ ਨਿਕਲੋ।'[4]

ਕਨ੍ਹਈਆ ਲਾਲ ਮੁਤਾਬਕ:

'ਤੁਸੀਂ ਉਸ ਅਕਾਲ ਪੁਰਖ ਤੋਂ ਬਿਨਾਂ ਹੋਰ ਸਭ ਦੀ ਪੂਜਾ ਪ੍ਰਤਿਸ਼ਠਾ ਛੱਡ ਦਿਓ।'[5]

ਗੋਕੁਲ ਚੰਦ ਨਾਰੰਗ ਅਨੁਸਾਰ:

'ਉਨ੍ਹਾਂ ਨੇ ਸਾਰੇ ਸਿੱਖਾਂ ਲਈ ਤਮਾਕੂ ਦੀ ਵਰਤੋਂ ਦਾ ਨਿਸ਼ੇਧ ਕਰ ਦਿੱਤਾ ਤੇ ਪੱਗ ਬੰਨ੍ਹਣੀ ਤੇ ਸਦਾ ਪੰਜ 'ਕਕਾਰ' ਅਰਥਾ ਪੰਜ ਚੀਜ਼ਾਂ, ਜਿਨ੍ਹਾਂ ਦੇ ਨਾ 'ਕ' ਤੋਂ ਆਰੰਭ ਹੋਣ। ਇਨ੍ਹਾਂ ਰਹਿਤਾਂ ਨੇ ਇਕ ਦਮ ਨੀਮ-ਦਿਲੇ ਹਿੰਦੂਓਂ ਵਿਚੋਂ ਸੱਚੇ ਸਿੱਖਾਂ ਨੂੰ ਵੱਖਰਤਾ ਪ੍ਰਦਾਨ ਕਰ ਦਿੱਤੀ ਤੇ ਖਾਲਸੇ ਦੀ ਅੰਦਰਲੀ ਜਥੇਬੰਦੀ ਵਿਚ ਸੰਘਾਣਪਨ ਲੈ ਆਂਦਾ, ਜਿਸਨੇ ਕਿ ਕੁਝ ਹੀ ਮਸੋਂ ਵਿਚ ਉਨ੍ਹਾਂ ਦਾ ਇਕ ਸ਼ਕਤੀਸ਼ਾਲੀ ਪੰਥ ਸਾਜ ਦਿੱਤਾ।'[6]

ਸਮਸ਼ੇਰ ਸਿੰਘ ਅਸ਼ੋਕ ਮੁਤਾਬਕ:

'ਇਸ ਤੋਂ ਪਹਿਲਾਂ ਕਦੇ ਕਿਸੇ ਵਲੀ, ਪੈਗੰਬਰ ਜਾਂ ਅਵਤਾਰ ਨੇ ਕੋਈ ਸ਼ਸਤ੍ਰਧਾਰੀ ਪੰਥ ਚਲਾਇਆ ਹੋਵੇ। ਇਸ ਘਟਨਾ ਦੀ ਮਿਸਾਲ ਸ਼ਾਇਦ ਦੁਨੀਆਂ ਦੇ ਇਤਿਹਾਸ ਵਿਚੋਂ ਕਿਸੇ ਪਾਸੇ ਨਹੀਂ ਮਿਲਦੀ।'[7]

ਨਰਿੰਦਰਪਾਲ ਸਿੰਘ ਲਿਖਦੇ ਹਨ:

'ਗੁਰੂ ਗੋਬਿੰਦ ਸਿੰਘ ਨੇ ਆਦੇਸ਼ ਕੀਤਾ ਕਿ ਜਿਥੇ ਵੀ ਪੰਜ ਪਿਆਰੇ ਇਕੱਠੇ ਹਨ, ਤਿਥੇ ਹੀ ਗੁਰੂ ਆਪ ਹੈ। ਹਰੇਕ ਸਿੰਘ


www.AKJ.Org

ਪੰਜ ਕੱਕੇ ਧਾਰਨ ਕਰੇਗਾ, ਕੇਸ, ਕੰਘਾ, ਕੜਾ, ਕ੍ਰਿਪਾਨ ਤੇ ਕੱਛਾ। ਹਰ ਸਿੰਘ ਸ਼ਸਤਰ-ਧਾਰਨੀ ਹੋਵੇਗਾ। ਖਾਲਸਾ ਨਿਰਾਕਾਰ ਅਕਾਲ ਮੂਰਤ ਪਰਮਾਤਮਾ ਨੂੰ ਹੀ ਮੰਨੇਗਾ ਤੇ ਕਿਸੇ ਦੇਵੀ ਦੇਵਤੇ ਦੀ ਪੂਜਾ ਨਹੀਂ ਹੋਵੇਗੀ।'[8]

ਰਣਬੀਰ ਦਾ ਵਿਚਾਰ ਹੈ:

'ਅੱਜ ਤੋਂ ਲੈ ਕੇ ਤੁਸੀਂ ਸਾਰੇ ਸਿੰਘ (ਸ਼ੇਰ) ਹੋ। ਜਿਹੜਾ ਆਦਮੀ ਵੀ ਖਾਲਸਾ ਸੱਜੇਗਾ, ਉਹ ਆਪਣੇ ਆਪ ਹੀ 'ਸਿੰਘ' ਹੋ ਜਾਵੇਗਾ ਅਤੇ ਫਿਰ ਉਹਨਾਂ ਨੇ ਖ਼ਾਲਸੇ ਦੇ ਪੰਜ ਨਿਸ਼ਾਨ ਚੁਣੇ, ਪਹਿਲਾ ਇਹ ਕਿ ਉਹ ਕੇਸ ਰੱਖੇਗਾ, ਆਪਣੇ ਵਾਲ ਕਦੇ ਨਹੀਂ ਕਟਵਾਏਗਾ। ਦੂਸਰਾ ਇਹ ਕਿ ਉਹ ਕੇਸਾਂ ਨੂੰ ਸਾਫ਼ ਰੱਖਣ ਲਈ ਆਪਣੇ ਕੇਸਾਂ ਵਿਚ ਹਰ ਸਮਾਂ ਕੰਘਾ ਰੱਖੇਗਾ। ਤੀਸਰਾ ਇਹੀ ਕਿ ਉਹ ਹਰ ਵਕਤ ਕੱਛਾ ਪਹਿਨੇਗਾ ਤਾਂ ਜੋ ਜਿਸ ਵੇਲੇ ਵੀ ਲੋੜ ਪਵੇ ਉਹ ਲੜਨ ਭਿੜਨ ਨੂੰ ਤਿਆਰ-ਬਰ-ਤਿਆਰ ਹੋਵੇ। ਚੌਥਾ ਇਹ ਕਿ ਉਹ ਆਪਣੀ ਬਾਂਹ 'ਤੇ ਕੜਾ ਪਾਏਗਾ ਅਤੇ ਪੰਜਵਾਂ ਇਹ ਕਿ ਉਹ ਹਰ ਵਕਤ ਆਪਣੇ ਪਾਸ ਕ੍ਰਿਪਾਨ ਰਖੇਗਾ ਤਾਂ ਜੋ ਜ਼ੁਲਮ ਅਤੇ ਜਬਰ ਦਾ ਨਾਸ ਕਰ ਸਕੇ। ਇਹ ਪੰਜੇ ਨਿਸ਼ਾਨ ਚੁਣਨ ਮਗਰੋਂ ਉਹਨਾਂ ਕਿਹਾ, 'ਅੱਜ ਤੋਂ ਕੋਈ ਵੀ ਖ਼ਾਲਸਾ ਇਕ ਪ੍ਰਮੇਸ਼ਵਰ ਤੋਂ ਸਿਵਾ ਕਿਸੇ ਦੇਵੀ ਦੇਵਤਾ ਦੀ ਪੂਜਾ ਨਹੀਂ ਕਰੇਗਾ। ਕਿਸੇ ਮੂਰਤੀ, ਤਸਵੀਰ, ਕਬਰ ਜਾਂ ਸਮਾਧੀ ਦੇ ਸਾਹਮਣੇ ਸਿਰ ਨਹੀਂ ਝੁਕਾਏਗਾ। ਕੋਈ ਵੀ ਖਾਲਸਾ ਤੰਬਾਕੂ ਨਹੀਂ ਪੀਵੇਗਾ। 'ਹਲਾਲ' ਕੀਤੇ ਹੋਏ ਮਾਸ ਨੂੰ ਨਹੀਂ ਖਾਏਗਾ ਅਤੇ ਉਹਨਾਂ ਲੋਕਾਂ ਨਾਲ ਸੰਬੰਧ ਨਹੀਂ ਰੱਖੇਗਾ ਜਿਹੜੇ ਪ੍ਰਿਥੀ ਚੰਦ, ਧੀਰ ਮੱਲ, ਜਾਂ ਰਾਮ ਰਾਏ ਨੂੰ ਆਪਣਾ ਗੁਰੂ ਮੰਨਦੇ ਹਨ।'[9]

ਡਾ. ਕੇ.ਐਸ. ਰਾਜੂ ਮੁਤਾਬਕ:

" 'ਸਿੰਘ' ਸ਼ਬਦ ਦਾ ਅਰਥ ਹੈ 'ਸ਼ੇਰ'। ਇਸ ਲਈ ਸਿੱਖ 'ਸਿੰਘ' ਹੈ। ਪਰੰਤੂ ਹਰ ਸਿੱਖ ਉਤਨੀ ਦੇਰ ਸਿੰਘ ਨਹੀਂ ਜਿਤਨੀ ਦੇਰ ਉਹ ਅੰਮ੍ਰਿਤ ਨਹੀਂ ਛਕਦਾ। ਸਾਰੇ ਅੰਮ੍ਰਿਤਧਾਰੀ ਸਿੰਘਾਂ ਦੇ ਸੰਗ੍ਰਹਿ ਨੂੰ ਖਾਲਸਾ ਦੀ ਪਦਵੀ ਬਖਸ਼ੀ। ਨਾਲ ਹੀ ਗੁਰੂ ਜੀ ਨੇ ਬੀਬੀਆਂ ਨੂੰ ਅੰਮ੍ਰਿਤ ਛਕਣ ਦੀ ਆਗਿਆ ਬਖਸ਼ੀ। ਵੈਸੇ ਹਿੰਦੂ ਬੀਬੀਆਂ ਜੰਜੂ ਨਹੀਂ ਸੀ ਪਾ ਸਕਦੀਆਂ। ਬੀਬੀਆਂ ਨੂੰ ਅੰਮ੍ਰਿਤ ਛਕਾ ਕੇ ਉਨ੍ਹਾਂ ਦੇ ਨਾਮ ਦੇ ਪਿੱਛੇ 'ਕੌਰ' ਦਾ ਸ਼ਬਦ ਲਗਾ ਦਿੱਤਾ ਗਿਆ। ਕੌਰ ਦੇ ਅਰਥ ਹਨ 'ਸ਼ੇਰਨੀ'।"[10]

ਡਾ. ਸੁਖਦਿਆਲ ਅਨੁਸਾਰ:

"ਹਰ ਇਕ ਖਾਲਸੇ ਨੂੰ ਆਪਣੇ ਨਾਵਾਂ ਨਾਲ 'ਸਿੰਘ' ਅਤੇ 'ਕੌਰ' ਦੇ ਵਿਸ਼ੇਸ਼ਣ ਜੋੜਨੇ ਜ਼ਰੂਰੀ ਬਣਾ ਦਿੱਤੇ ਗਏ ਸਨ। ਮਰਦਾਂ ਲਈ 'ਸਿੰਘ' ਦਾ ਅਤੇ ਔਰਤਾਂ ਲਈ 'ਕੌਰ' ਦਾ ਵਿਸ਼ੇਸ਼ਣ ਨਿਸ਼ਚਿਤ ਕੀਤਾ ਗਿਆ। 'ਸਿੰਘ' ਦਾ ਅਰਥ ਸ਼ੇਰ ਹੈ ਅਤੇ 'ਕੌਰ' ਦਾ ਅਰਥ ਹੈ ਰਾਜਕੁਮਾਰ ਜਾਂ ਕੁੰਵਰ। ਔਰਤ ਨੂੰ ਸਮਾਜਿਕ ਤੌਰ 'ਤੇ ਸਤਿਕਾਰ ਦਾ ਪਾਤਰ ਬਣਾਉਣ ਲਈ ਉਸੇ ਨਾਂ ਨਾਲ ਕੌਰ ਸ਼ਬਦ ਦੇ ਰੂਪ ਵਿਚ ਐਸਾ ਵਿਸ਼ੇਸ਼ਣ ਜੋੜਿਆ ਗਿਆ, ਜਿਸ ਨਾਲ ਉਹ ਆਪਣੇ ਮਾਂ-ਬਾਪ ਦੀ ਲਾਡਲੀ ਸੰਤਾਨ ਸਮਝੀ ਜਾਣੀ ਸੀ। ਕੌਰ ਜਾਂ ਕੁੰਵਰ ਬਾਦਸ਼ਾਹ ਦਾ ਪਿਆਰਾ ਪੁੱਤਰ ਸਮਝਿਆ ਜਾਂਦਾ ਸੀ। ਇਸੇ ਲਈ ਔਰਤ ਦੇ ਨਾਂ ਨਾਲ ਕੁੰਵਰ ਦਾ ਪੰਜਾਬੀ ਰੂਪ 'ਕੌਰ' ਸ਼ਬਦ ਜੋੜਿਆ ਗਿਆ ਸੀ। ਸਿੱਖਾਂ ਵਿਚ 'ਸਿੰਘ' ਸ਼ਬਦ ਉਨ੍ਹਾਂ ਦੀ ਕੌਮੀ ਇਕਰੂਪਤਾ ਦਾ ਲਖਾਇਕ ਬਣ ਗਿਆ ਹੈ ਜਦੋਂ ਕਿ ਰਾਜਪੂਤਾਂ ਵਿਚ ਇਸਦੀ ਕੋਈ ਵੀ ਧਾਰਮਿਕ ਜਾਂ ਸਮਾਜਿਕ ਮਹੱਤਤਾ ਨਹੀਂ ਹੈ। 'ਕੌਰ' ਸ਼ਬਦ ਆਪਣੇ ਆਪ ਵਿਚ ਹੀ ਨਵਾਂ ਸ਼ਬਦ ਸੀ।'[11]

ਖਾਲਸੇ ਦੇ ਨਿਆਰੇਪਣ ਲਈ ਰਹਿਤਨਾਮਿਆਂ ਵਿਚ ਦਰਸਾਈਆਂ ਰਹਿਤਾਂ ਜਾਂ ਹਦਾਇਤਾਂ ਬਾਰੇ ਕਝ ਹਦਾਇਤਾਂ/ ਰਹਿਤਾਂ ਦਿੱਤੀਆਂ ਜਾ ਰਹੀਆਂ ਹਨ। ਇਹਨਾਂ ਵਿਚ ਦਸਮੇਸ਼ ਪਿਤਾ ਜੀ ਦੇ ਪ੍ਰਮੁਖ ਕਵੀ ਭਾਈ ਨੰਦ ਲਾਲ ਜੀ ਗੋਯਾ, ਭਾਈ ਪ੍ਰਹਿਲਾਦ ਸਿੰਘ ਜੀ, ਪੰਜ ਪਿਆਰਿਆਂ ਵਿਚੋਂ ਮੁਖੀ ਪਿਆਰੇ ਭਾਈ ਦਯਾ ਸਿੰਘ ਜੀ, ਸ੍ਰੀ ਕਲਗੀਧਰ ਪਾਤਸ਼ਾਹ ਜੀ ਦੇ ਬਚਪਨ ਦੇ ਖਿਡਾਵੇ ਭਾਈ ਚੌਪਾ ਸਿੰਘ ਅਤੇ ਭੱਟ ਵਹੀਆਂ ਅਨੁਸਾਰ ਭਾਈ ਮਨੀ ਸਿੰਘ ਜੀ ਦੇ ਸਭ ਤੋਂ ਛੋਟੇ ਸਪੁੱਤ੍ਰ ਭਾਈ ਦੇਸਾ ਸਿੰਘ ਦੀਆਂ ਲਿਖਤਾਂ ਨੂੰ ਅਵੱਸ਼ ਪ੍ਰਮੁਖਤਾ ਦੇਣੀ ਪਵੇਗੀ:

ਤਨਖਾਹਨਾਮਾ ਭਾਈ ਨੰਦ ਲਾਲ ਜੀ ਵਿਚੋਂ:

*(ੳ) ਦਸਵੰਧ ਗੁਰੂ ਨਹਿ ਦੇਵਈ, ਝੂਠ ਬੋਲ ਜੋ ਖਾਇ।*
*ਕਹੈ ਗੋਬਿੰਦ ਸਿੰਘ ਲਾਲ ਜੀ, ਤਿਸਕਾ ਕਛੁ ਨ ਬਿਸਾਹਿ।*
*(ਅ) ਜੋ ਪ੍ਰਸਾਦ ਕੋ ਬਾਂਟ ਹੈ, ਮਨ ਮੈ ਧਾਰੇ ਲੋਭ।*
*ਕਿਸੈ ਥੋੜਾ ਕਿਸੈ ਅਗਲਾ (ਵਧੇਰੇ),*
*ਸਦਾ ਰਹੈ ਤਿਸ ਸੋਗ।*
*(ੲ) ਮਾਏ ਭੈਣ ਜੋ ਆਵੈ ਸੰਗਤਿ।*
*ਦ੍ਰਿਸਟਿ ਬੁਰੀ ਦੇਖੈ ਤਿਸ ਪੰਗਤ।*
*ਸਿਖ ਹੋਇ ਜੋ ਕਰਤ ਕਰੋਧ।*



www.AKJ.Org

ਕੰਨਿਆ ਮੂਲ ਨ ਦੇਵੈ ਸੋਧ।
ਧੀ ਭੈਣ ਕਾ ਪੈਸਾ ਖਾਇ।
ਕਹੈ ਗੋਬਿੰਦ ਸਿੰਘ ਧੱਕੇ ਜਮ ਖਾਇ।
(ਸ) ਗੋਲਕ ਰਾਖੇ ਨਾਹਿ ਜੋ, ਛਲ ਕਾ ਕਰੈ ਵਪਾਰ।
ਕਹੈ ਗੋਬਿੰਦ ਸਿੰਘ ਲਾਲ ਜੀ, ਭੋਗਹਿ ਨਰਕ ਹਜਾਰ।
(ਹ) ਵਾਹਿਗੁਰੂ ਬਿਨਾ ਕਹੈ ਜੁ ਪਾਵੈ।
ਵੇਸਵਾ ਦੁਆਰੇ ਸਿਖ ਜੋ ਜਾਵੈ।
ਪਰ ਇਸਤ੍ਰੀ ਸਿਉ ਨੇਹੁੰ ਲਗਾਵੈ।
ਗੋਬਿੰਦ ਸਿੰਘ ਵਹੁ ਸਿਖ ਨ ਭਾਵੈ।
(ਕ) ਨਗਨ ਹੋਇ ਬਾਹਰ ਫਿਰੈ, ਨਗਨ ਸੀਸ ਜੋ ਜਾਇ।
ਨਗਨ ਪ੍ਰਸਾਦ ਜੋ ਬਾਟਈ, ਤਨਖਾਹੀ ਬਡੋ ਕਹਾਇ।
(ਖ) ਬਚਨ ਹੈ ਸ੍ਰੀ ਗੁਰੂ ਜੀ ਕਾ ਕਿ ਜੋ ਕੋਈ ਸਿੱਖਾਂ ਦਾ ਬੇਟਾ ਹੋਇ ਔਰਾ ਮੋਨਾ ਹੋਇ ਜਾਵੈ, ਤਿਸ ਕੀ ਜੜ੍ਹ ਸੁੱਕੀ; ਔਰ ਜੋ ਮੋਨਾ ਸਿੱਖ ਹੋਇ ਜਾਵੇ, ਤਿਸ ਕੀ ਜੜ੍ਹ ਹਰੀ।

ਰਹਿਤਨਾਮਾ ਭਾਈ ਦਯਾ ਸਿੰਘ ਜੀ ਵਿਚੋਂ:

(ੳ) ਗੁਰੂ ਕਾ ਸਿੱਖ ਜਨੇਊ ਨਾ ਪਾਇ। ਪਿਤਰੁ, ਸਰਾਧ, ਪਿੰਡ, ਵੇਦਕ, ਵਿਆਹ ਆਦਿ ਨਾ ਕਰਾਵੈ। ਸਭ ਜੁਗਤਿ ਗੁਰੂ ਕੀ ਮਰਯਾਦਾ ਅਰਦਾਸ ਸੇ ਕਾਰਜ ਕਰੇ।
(ਅ) ਪੱਗ ਉਤਾਰ ਕੇ ਪ੍ਰਸਾਦ ਜੋ ਪਾਵੈ, ਨਗਨ ਹੋਇ ਜੋ ਨ੍ਹਾਵਹਿ- ਸੋ ਕੁੰਭੀ ਨਰਕ ਭੋਗੈ।
(ੲ) ਕੰਨਿਆ ਕੋ ਮਾਰੇ, ਮੋਨੇ ਕੋ ਕੰਨਿਆ ਦੇ, ਸੋ ਨਰਕ ਮੇਂ ਪੜੇਗਾ।
(ਸ) ਜੋ ਸਿੰਘ ਕਾ ਅੱਧਾ ਨਾਮ ਬੁਲਾਵੇ...ਬੜਾ ਤਨਖਾਹੀਆ।

ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ ਜੀ ਵਿਚੋਂ:

(ੳ) ਹੋਇ ਸਿਖ ਸਿਰ ਟੋਪੀ ਧਰੈ। ਸਾਤ ਜਨਮ ਕੁਸ਼ਟੀ ਹੋਇ ਮਰੈ। ਪਾਗ ਉਤਾਰਿ ਪ੍ਰਸਾਦਿ ਜੋ ਖਾਵੈ। ਸੋ ਸਿਖ ਕੁੰਭੀ ਨਰਕ ਸਿਧਾਵੈ।

ਰਹਿਤਨਾਮਾ ਭਾਈ ਚੌਪਾ ਸਿੰਘ ਜੀ ਵਿਚੋਂ:

(ੳ) ਗਰੀਬ ਕੀ ਰਸਨਾ ਕੋ ਗੁਰੂ ਕੀ ਗੋਲਕ ਜਾਣੇ, ਧਰਮ ਕ੍ਰਿਤ ਦੇ ਨਫੇ ਵਿਚੋਂ ਗੁਰੂ ਅਰਥ ਦਸਵੰਧ ਦੇਵੇ।
(ਅ) ਚੋਰੀ ਯਾਰੀ ਨਾ ਕਰੇ, ਜੂਆ ਨਾ ਖੇਲ੍ਹੇ, ਕਲਫ ਨ ਲਗਾਵੇ।
(ੲ) ਜੋ ਪਾਹੁਲ ਬਿਨਾ ਕੇਸ ਰੱਖੇ, ਸੋ ਭੰਡ ਭਗਤੀਏ ਜਾਣਨਾ, ਅਜਿਹੇ ਨਿਗੁਰੇ ਦੀ ਗੱਲ, ਚਤੁਰਾਈ ਸਭ ਝੂਠੀ।
(ਸ) ਗੁਰੂ ਕੀ ਸਿੱਖਣੀ ਸਾਧ ਸੰਗਤਿ ਵਿਚ ਮੱਥਾ ਕੱਜ ਕੇ ਬੈਠੇਹ, ਸੀਲ-ਧਰਮ ਰੱਖੇ। ਆਪਣੇ ਭਰਤੇ ਨੂੰ ਭਰਤਾ ਜਾਣੇ ਹੋਰ ਸਭ ਪਿਤਾ, ਭਾਈ, ਪੁਤ੍ਰ ਕਰਿ ਜਾਣੇ। ਪੰਜੀ ਮੇਲੀਂ ਸਿਆਪੇ ਆਦਿ ਨਾ ਜਾਏ, ਭਾਜੀ ਭੀ ਲੇਵੇ ਦੇਵੇ ਨਾਹੀਂ। ਠਠਾ-ਮਸਕਰੀ, ਸਿੱਠਣੀ ਨਾ ਦੇਵੇ। ਗਾਵੈ ਤਾਂ ਸੁਭ ਗੀਤ, ਘੋੜੀਆਂ, ਸੁਹਾਗ ਗਾਏ, ਗੰਦੇ-ਮੰਦੇ ਬੋਲ ਨਾ ਬੋਲੇ। ਸ਼ਬਦ-ਬਾਣੀ ਗੁਰੂ ਕੀ ਕੰਠ ਕਰੇ। ਧਰਮਸਾਲ ਦੋਇ ਵਕਤ ਜਾਇ।

ਰਹਿਤਨਾਮਾ ਭਾਈ ਦੇਸਾ ਸਿੰਘ ਜੀ ਵਿਚੋਂ

(ੳ) ਮੁਸਲੀ ਡੂਮਣਿ ਦੂਤੀ ਚੇਲੀ। ਵਿਭਚਾਰਣਿ ਜੋ ਫਿਰੈ ਇਕੇਲੀ। ਅਵਰ ਜੁ ਆਨ ਵਰਣ ਕੀ ਨਾਰ। ਇਨ ਸੇ ਸਿੰਘ ਨ ਕਰੈ ਪਿਆਰ। ਪਿਆਰੇ ਕਰੈ ਹੋਵੈ ਕੁਲ ਹਾਨੀ। ਤਾਂ ਤੇ ਇਨ ਕੋ ਤਜੈ ਗਿਆਨੀ।
(ਅ) ਕੁੱਠਾ ਹੁੱਕਾ ਚਰਸ ਤਮਾਕੂ। ਗਾਂਜਾ, ਟੋਪੀ, ਤਾੜੀ, ਖਾਕੂ। ਇਨ ਕੀ ਓਰ ਨਾ ਕਬਹੂੰ ਦੇਖੈ। ਰਹਿਤਵੰਤ ਸੋ ਸਿੰਘ ਵਿਸੇਖੈ। ਸ਼ਸਤ੍ਰਹੀਨ ਇਹ ਕਬਹੂੰ ਨ ਹੋਈ। ਰਹਿਤਵੰਤ ਖਾਲਿਸ ਹੈ ਸੋਈ।
(ੲ) ਪਰ ਨਾਰੀ, ਜੂਆ, ਅਸੱਤ, ਚੋਰੀ, ਮਦਿਰਾ, ਜਾਨ। ਨਮਤ ਸੁਭਾਵ ਨ ਕਬਹੂੰ ਤਿਆਗੈ। ਦੁਰਜਨ ਦੇਖ ਦੂਰ ਤੇ ਭਾਗੈ।

ਹਵਾਲੇ ਤੇ ਟਿੱਪਣੀਆਂ:


(੧) ਗੁਰੂ ਕੀਆਂ ਸਾਖੀਆਂ-ਪਿਆਰਾ ਸਿੰਘ ਪਦਮ
(੨) ਮਹਾਨ ਕੋਸ਼
(੩) ਵਾਰਾਂ ਭਾਈ ਗੁਰਦਾਸ ਜੀ ਦੀਆਂ (ਵਾਰ ੨੯ ਪਉੜੀ ੧੧)
(੪) 'ਅਠ੍ਹਾਰਵੀਂ ਸਦੀ ਵਿਚ ਬੀਰ ਪਰੰਪਰਾ ਦਾ ਵਿਕਾਸ'।
(੫) 'ਤਾਰੀਖ-ਇ-ਪੰਜਾਬ'।
(੬) 'ਸਿੱਖ ਮਤ ਦਾ ਪਰਿਵਰਤਨ'।
(੭) 'ਪੰਜਾਬੀ ਵੀਰ ਪਰੰਪਰਾ'।
(੮) 'ਪੰਜਾਬ ਦਾ ਇਤਿਹਾਸ'।
(੯) 'ਯੁਗ ਪੁਰਸ਼'।
(੧●) 'ਅਮਨ ਪੈਗੰਬਰ ਗੁਰੂ ਗੋਬਿੰਦ ਸਿੰਘ'।
(੧੧) 'ਖਾਲਸੇ ਦੀ ਜਨਮ ਭੂਮੀ ਸਿਰੀ ਅਨੰਦਪੁਰ ਸਾਹਿਬ'।




www.AKJ.Org

# ਸਮੇਂ ਦੀ ਲੋੜ

ਧੁਖਦੀ ਹੋਈ ਚਿੰਗਾਰੀ ਨੂੰ, ਭਾਂਬੜ ਬਣਾਉਣਾ ਸਮੇਂ ਦੀ ਲੋੜ ਹੈ।
ਨਿਰਬਲ, ਬਲਹੀਣ ਨੂੰ ਤਕੜੇ ਤੋਂ ਬਚਾਉਣਾ, ਸਮੇਂ ਦੀ ਲੋੜ ਹੈ।
ਕਿ ਮਰਦਊਪੁਣਾ ਖ਼ਤਮ ਕਰ ਦਿੱਤਾ, ਗ਼ੁਲਾਮੀ ਦੀ ਆਦਤ ਨੇ,
ਕਾਇਰਾਂ ਨੂੰ ਅਣਖ ਦਾ ਪਾਠ ਪੜ੍ਹਾਉਣਾ, ਸਮੇਂ ਦੀ ਲੋੜ ਹੈ।
ਬਥੇਰਾ ਖਹਿ ਲਿਆ ਹੈ, ਮਹਿਲਾਂ ਦੇ ਕਿੰਗਰਿਆਂ ਨੇ, ਕੁੱਲੀਆਂ ਨਾਲ,
ਕੁੱਲੀਆਂ ਨੂੰ ਮਹਿਲਾਂ ਨਾਲ ਮੱਥਾ ਲਾਉਣਾ ਸਿਖਾਉਣਾ, ਸਮੇਂ ਦੀ ਲੋੜ ਹੈ।
ਖਿਜ਼ਾਵਾਂ ਨਾਲ ਸੜੇ ਹੋਏ, ਮਨੁੱਖੀ ਚਿਹਰਿਆਂ ਦੀ ਦਿੱਖ ਨੂੰ,
ਖੁਸ਼ੀਆਂ ਤੇ ਬਹਾਰਾਂ ਨਾਲ ਸੁੰਦਰ ਬਣਾਉਣਾ, ਸਮੇਂ ਦੀ ਲੋੜ ਹੈ।
ਬਥੇਰੀ ਲੁੱਟੀ ਹੈ ਵਿਦੇਸ਼ੀ ਧਾੜਵੀਆਂ ਨੇ, ਅਸਮਤ ਇਸ ਹਿੰਦ ਦੀ,
ਅੱਜ ਹਿੰਦ ਸੀ ਅਸਮਤ ਨੂੰ ਬਚਾਉਣਾ, ਸਮੇਂ ਦੀ ਲੋੜ ਹੈ।
ਨਿਮਾਣੀਆਂ, ਨਿਤਾਣੀਆਂ, ਚਿੜੀਆਂ ਦਾ ਬਾਜ਼ ਘਾਣ ਕਰਦੇ ਰਹੇ ਨੇ,
ਖੂਨੀ ਬਾਜ਼ਾਂ ਨੂੰ ਚਿੜੀਆਂ ਤੋਂ ਤੁੜਾਉਣਾ, ਸਮੇਂ ਦੀ ਲੋੜ ਹੈ।
ਕਿ ਆਪਣੀ ਮੌਤ ਤੋਂ ਪਹਿਲਾਂ, ਗੀਦੀ ਸੌ ਵਾਰ ਮਰਦੇ ਨੇ,
ਗੀਦੀ, ਬੁਜ਼ਦਿਲਾਂ ਨੂੰ ਅਣਖ ਨਾਲ ਮਰਨਾ ਸਿਖਾਉਣਾ, ਸਮੇਂ ਦੀ ਲੋੜ ਹੈ
ਇਕ ਲੰਮੇ ਸਮੇਂ ਤੋਂ, ਜੋ ਝੂਠ ਦਾ ਝੰਡਾ ਝੁਲਦਾ ਰਿਹਾ ਹੈ,
ਇਸ ਦੀ ਥਾਂ ਸੱਚ ਦਾ ਝੰਡਾ ਝੁਲਾਉਣਾ, ਸਮੇਂ ਦੀ ਲੋੜ ਹੈ।
ਸ਼ਮ੍ਹਾਂ ਤਾਂ ਬਲਦੀ ਹੈ, ਮਗਰ ਪ੍ਰਵਾਨੇ ਨਹੀਂ ਨਜ਼ਰ ਆਉਂਦੇ ਨੇ,
ਬਲਦੀ ਸ਼ਮ੍ਹਾਂ 'ਤੇ ਪ੍ਰਵਾਨੇ ਵਾਂਗ ਸੜਨਾ ਸਿਖਾਉਣਾ, ਸਮੇਂ ਦੀ ਲੋੜ ਹੈ।
ਹੱਕ, ਖੋਹ ਕੇ ਲੈਣੇ ਨੇ, ਕਿ ਮੰਗਿਆਂ ਕਦੇ ਨਹੀਂ ਮਿਲਦੇ,
ਹੱਕਾਂ ਦੀ ਖਾਤਰ ਜੂਝਣਾ, ਲੜਨਾ ਸਿਖਾਉਣਾ, ਸਮੇਂ ਦੀ ਲੋੜ ਹੈ।
ਹਉਕੇ ਤੇ ਹਾਵੇ ਮੁਕਾ ਕੇ, ਅਥਰੂ ਪੂੰਝਣੇ ਨੇ ਦੁਨੀਆਂ ਦੇ,
ਦਰਦ ਨਾਲ ਵਿੰਨ੍ਹਿਆਂ ਦੇ ਦਰਦ ਨੂੰ ਮਿਟਾਉਣਾ, ਸਮੇਂ ਦੀ ਲੋੜ ਹੈ।
ਜਦੋਂ ਸਾਰੇ ਹੀਲੇ ਮੁਕ ਜਾਣ, ਉਦੋਂ ਸ਼ਮਸ਼ੀਰ ਉਠਾਉਣੀ ਜਾਇਜ਼ ਹੈ,
ਜੰਗ ਲੱਗੀਆਂ ਸ਼ਮਸ਼ੀਰਾਂ ਨੂੰ ਸਾਣ 'ਤੇ ਚੜ੍ਹਾਉਣਾ, ਸਮੇਂ ਦੀ ਲੋੜ ਹੈ।
ਆਉ! ਤੁਸੀਂ ਅੱਜ ਸਿਰ ਦਿਓ ਮੈਨੂੰ, ਮੈਂ ਤੁਹਾਨੂੰ ਸਰਦਾਰੀਆਂ ਦਿਵਾਵਾਂਗਾ।
ਅਣਖ ਦੇ ਨਾਲ ਜੀਣਾ ਸਿਖਾਉਣਾ, ਸਮੇਂ ਦੀ ਲੋੜ ਹੈ।
ਮੋਹ ਦੀ ਨਿੰਦਰਾ 'ਚੋਂ ਜਾਗੋ, ਨਹੀਂ ਹੁਣ ਵੇਲਾ ਸੌਣ ਦਾ,
ਮੋਹ ਮਾਇਆ ਤੋਂ ਖੁਦ ਨੂੰ ਬਚਾਉਣਾ, ਸਮੇਂ ਦੀ ਲੋੜ ਹੈ।
'ਸਾਜਨ' ਦੀ ਸਹੁੰ ਖਾ ਕੇ, ਅੱਜ ਮੈਂ ਐਲਾਨ ਕਰਦਾ ਹਾਂ,
ਧਰਮ ਤੇ ਦੇਸ਼ ਦੀ ਖਾਤਰ, ਆਪਾ ਲਗਾਉਣਾ ਸਮੇਂ ਦੀ ਲੋੜ ਹੈ।

*-ਸੁਰਜੀਤ ਸਿੰਘ 'ਸਾਜਨ'*



www.AKJ.Org

# ਯੁੱਗ ਸਿਰਜਕ-ਸ੍ਰੀ ਗੁਰੂ ਗੋਬਿੰਦ ਸਿੰਘ ਜੀ

*-ਸੁਰੀਤ ਕੌਰ*

ਗੁਰੂ ਨਾਨਕ ਦੇਵ ਜੀ ਵਿਸ਼ਵ ਦੇ ਇਤਿਹਾਸ ਵਿਚ ਇਕ ਅਦੁੱਤੀ ਸ਼ਖਸੀਅਤ ਸਨ, ਜਿਨ੍ਹਾਂ ਨੇ ਇਕ ਨਵੇਂ ਯੁੱਗ ਦੀ ਸਿਰਜਨਾ ਦਾ ਕਾਰਜ ਆਰੰਭਿਆ। ਉਹਨਾਂ ਦੇ ਅਧਿਆਤਮਕ ਅਨੁਭਵ ਵਿਚੋਂ ਸਿੱਖ ਧਰਮ ਨੇ ਜਨਮ ਲਿਆ। ਆਪ ਦਾ ਇਹ ਅਧਿਆਤਮਕ ਅਨੁਭਵ ਉਸ ਸਮੇਂ ਦੇ ਸਮਾਜ ਲਈ ਬਹੁਤ ਕ੍ਰਾਂਤੀਕਾਰੀ ਸਿੱਧ ਹੋਇਆ।

ਉਸ ਸਮੇਂ ਦੇਸ਼ ਦੀ ਧਾਰਮਿਕ, ਸਮਾਜਿਕ, ਸਦਾਚਾਰਕ ਅਤੇ ਰਾਜਨੀਤਕ ਹਾਲਤ ਕਾਫੀ ਮੰਦੀ ਸੀ। ਵਹਿਮਾਂ-ਭਰਮਾਂ, ਕਰਮ-ਕਾਂਡਾਂ, ਭੇਖਾਂ, ਦੇਵ ਪੂਜਾ, ਮੂਰਤੀ ਪੂਜਾ, ਅਤੇ ਅਗਿਆਨਤਾ ਵੱਸ ਲੁਕਾਈ ਆਪਣੇ ਮੂਲ ਸੋਮੇ (ਪਰਮਾਤਮਾ) ਤੋਂ ਵਿਛੜ ਕੇ ਹਨੇਰੇ ਵਿਚ ਭਟਕ ਰਹੀ ਸੀ। ਅਜਿਹੇ ਅੰਧਕਾਰਮਈ ਵਾਤਾਵਰਣ ਵਿਚ ਗੁਰੂ ਨਾਨਕ ਦੇਵ ਜੀ ਦਾ ਆਗਮਨ ਹੋਇਆ। ਜਿਸ ਨੇ ਗਿਆਨ ਦੇ ਪ੍ਰਕਾਸ਼ ਨਾਲ ਇਸ ਹਨੇਰੇ ਨੂੰ ਦੂਰ ਕਰਨ ਦੀ ਪ੍ਰੇਰਨਾ ਦਿੱਤੀ ਅਤੇ ਇਕ ਜਿਊਂਦੀ ਜਾਗਦੀ ਕੌਮ ਨੂੰ ਹੋਂਦ ਵਿਚ ਲਿਆਂਦਾ। *'ਇਹ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ'* ਦੀ ਹਕੀਕਤ ਨੂੰ ਅਨੁਭਵੀ ਗਿਆਨ ਰਾਹੀਂ ਮਹਿਸੂਸ ਕਰਵਾਇਆ ਅਤੇ ਉਸ ਸੱਚੇ ਪਾਤਸ਼ਾਹ ਦੀ ਪਹਿਚਾਣ ਕਰਵਾ ਕੇ ਦੁਨੀਆਵੀਂ ਬਾਦਸ਼ਾਹਾਂ ਦੇ ਜ਼ੁਲਮਾਂ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ। ਪ੍ਰੇਮਾ ਭਗਤੀ ਅਤੇ ਸਦਾਚਾਰਕ ਜੀਵਨ ਜਿਊਣ ਦੀ ਸੋਧ ਦੇ ਕੇ ਲੋਕਾਂ ਨੂੰ ਸਚਿਆਰ ਬਣਨਾ ਸਿਖਾਇਆ। ਗੁਰੂ ਨਾਨਕ ਸਾਹਿਬ ਨੇ ਮੁਰਝਾਈ, ਕੁਮਲਾਈ ਲੋਕਾਈ ਨੂੰ ਚੜ੍ਹਦੀ ਕਲਾ ਦਾ ਸੰਕਲਪ ਦਿੱਤਾ। ਜਾਤਾਂ-ਪਾਤਾਂ ਦੇ ਭੇਦ ਭਾਵ ਦਾ ਖੰਡਨ ਕੀਤਾ ਅਤੇ ਸਾਰੀ ਮਨੁੱਖਤਾ ਨੂੰ ਇਕ ਪਰਮਾਤਮਾ ਦੀ ਅੰਸ਼ ਆਖਿਆ। ਇਸ ਪ੍ਰਕਾਰ ਗੁਰੂ ਨਾਨਕ ਸਾਹਿਬ ਨੇ ਨਿਮਾਣੇ, ਨਿਤਾਣੇ, ਲਤਾੜੇ ਤੇ ਕਮਜ਼ੋਰ ਵਰਗ ਨੂੰ ਆਪਣਾ ਮੂਲ ਪਛਾਣਨ ਲਈ ਉਤਸ਼ਾਹਿਤ ਕਰਕੇ ਉਨ੍ਹਾਂ ਵਿਚੋਂ ਗਵਾਚੇ ਸਵੈ-ਮਾਨ, ਸਵੈ-ਭਰੋਸੇ ਅਤੇ ਸਵੈ-ਨਿਰਭਰਤਾ ਨੂੰ ਮੁੜ ਸੁਰਜੀਤ ਕੀਤਾ ਅਤੇ ਇਕ ਆਤਮ-ਨਿਰਭਰ, ਨਰੋਈ ਕੌਮ ਦੀ ਦੀ ਨੀਂਹ ਰੱਖੀ।

ਗੁਰੂ ਨਾਨਕ ਸਾਹਿਬ ਦੁਆਰਾ ਆਰੰਭੇ ਨਵੇਂ ਯੁਗ ਸਿਰਜਨਾ ਦੇ ਕਾਰਜ ਨੂੰ ਬਾਕੀ ਸਿੱਖ ਗੁਰੂ ਸਾਹਿਬਾਨ ਨੇ ਬਾਖੂਬੀ ਅੱਗੇ ਤੋਰਿਆ। ਜੇਕਰ ਗੁਰੂ ਨਾਨਕ ਸਾਹਿਬ ਸਿੱਖ ਧਰਮ ਦੇ ਮੋਢੀ ਸਨ ਤਾਂ ਗੁਰੂ ਗੋਬਿੰਦ ਸਿੰਘ ਜੀ ਇਸ ਦੀ ਸਿਖਰ ਸਨ।

ਸਿੱਖ ਧਰਮ ਲਹਿਰ, ਚੜ੍ਹਦੀ ਕਲਾ ਵਿਚ ਵਿਸ਼ਵਾਸ਼ ਰੱਖਣ ਵਾਲੀ ਅਤੇ ਸਰਬੱਤ ਦਾ ਭਲਾ ਮੰਗਣ ਵਾਲੀ ਅਮਨ ਪਸੰਦ ਲਹਿਰ ਰਹੀ ਹੈ। ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਤੋਂ ਬਾਅਦ ਇਸ ਲਹਿਰ ਵਿਚ ਨਵੀਂ ਰੌਂ ਪੈਦਾ ਹੋਈ ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਧਰਮ ਵਿਚ ਭਗਤੀ ਦੇ ਨਾਲ ਸ਼ਕਤੀ, ਸ਼ਾਸਤਰ ਦੇ ਨਾਲ ਸ਼ਸਤਰ ਤੇ ਧਾਰਮਿਕ ਦੇ ਨਾਲ ਨਾਲ ਰਾਜਸੀ ਆਦਰਸ਼ਾਂ ਨੂੰ ਵੀ ਅਪਣਾਇਆ।

ਗੁਰੂ ਗੋਬਿੰਦ ਸਿੰਘ ਵਿਸ਼ਵ ਦੇ ਇਤਿਹਾਸ ਵਿਚ ਬੇਮਿਸਾਲ, ਬੇਜੋੜ ਤੇ ਅਨੂਪਮ ਰਹਿਬਰ ਸ਼ਖਸੀਅਤ ਦਾ ਜਗਮਗ ਕਰਦਾ ਚਮਤਕਾਰ ਸਨ। ਆਪ ਬਹੁ-ਪੱਖੀ ਸ਼ਖਸੀਅਤ ਦੇ ਮਾਲਕ ਸਨ। ਆਪ ਦੂਰਦਰਸ਼ੀ ਤੱਤ-ਵੇਤਾ, ਯੋਧਾ, ਸੰਤ ਸਿਪਾਹੀ, ਸ਼ਸਤਰ ਕਲਾ ਵਿਚ ਨਿਪੁੰਨ, ਸਰਵੋਤਮ ਜਰਨੈਲ, ਵਿਦਵਾਨ, ਸ਼੍ਰੋਮਣੀ ਕਵੀ, ਸੱਚੇ ਦੇਸ਼ ਗਤ, ਸੁਚੱਜੇ ਰਾਜਨੀਤਕ, ਸਰਬੰਸ ਦਾਨੀ, ਮਹਾਂ ਤੇਜੱਸਵੀ, ਮਹਾਂ ਤਿਆਗੀ, ਕੌਮ ਦੇ ਸ਼ਕਤੀਸ਼ਾਲੀ ਉਸਰੱਈਏ ਤੇ ਮਹਾਨ ਲੋਕ-ਨਾਇਕ ਹੋਏ ਹਨ। ਸਿੱਖ ਜਗਤ ਵਿਚ ਆਪ ਨੂੰ ਚੋਜੀ ਪ੍ਰੀਤਮ, ਕਲਗੀਆਂ ਵਾਲੇ, ਬਾਜ਼ਾਂ ਵਾਲੇ, ਨੀਲੇ ਦੇ ਸਵਾਰ, ਪੰਥ ਦੇ ਵਾਲੀ, ਦਸਮੇਸ਼ ਪਿਤਾ, ਪਰਮ-ਪੁਰਖ, ਦੁਸ਼ਟ-ਦਮਨ, ਮਰਦ ਅਗੰਮੜਾ ਅਤੇ ਬਾਦਸ਼ਾਹ ਦਰਵੇਸ਼ ਦੀਆਂ ਉਪਾਧੀਆਂ ਨਾਲ ਵਡਿਆਇਆ ਜਾਂਦਾ ਹੈ।

ਆਪ ਨੇ ਪ੍ਰਭੂ ਪ੍ਰੇਮ ਤੋਂ ਅਭਿੱਜ ਅਗਿਆਨੀ ਲੋਕਾਂ ਦੀ ਦੁਰਦਸ਼ਾ ਅਤੇ ਤਰਸਯੋਗ ਹਾਲਤ ਬਿਆਨ ਕਰਦਿਆਂ ਕਿਹਾ:

*ਕਾਹੂੰ ਲੈ ਪਾਹਨ ਪੂਜ ਧਰਿਓ ਸਿਰਿ,*
*ਕਾਹੂੰ ਲੈ ਲਿੰਗੁ ਗਰੇ ਲਟਕਾਇਓ॥*



www.AKJ.Org

*ਕਾਹੂੰ ਲਖਿਓ ਹਰਿ ਅਵਾਚੀ ਦਿਸਾ ਮਹਿ,*
*ਕਾਹੂੰ ਪਛਾਹ ਕੋ ਸੀਸੁ ਨਿਵਾਇਓ॥*
*ਕੋਊ ਬੁਤਾਨ ਕੋ ਪੂਜਤ ਹੈ ਪਸੁ,*
*ਕੋਊ ਮ੍ਰਿਤਾਨ ਕੋ ਪੂਜਨ ਧਾਇਓ॥*
*ਕੂਰ ਕ੍ਰਿਆ ਉਰਝਿਓ ਸਭ ਹੀ ਜਗ,*
*ਸ੍ਰੀ ਭਗਵਾਨ ਕੋ ਭੇਦੁ ਨ ਪਾਇਓ॥੧੦॥*

*(ਪਾਤਸ਼ਾਹੀ ੧੦, ਤ੍ਵ ਪ੍ਰਸਾਦਿ ਸ੍ਵੈਯੇ)*

ਲੋਕ ਅਗਿਆਨ ਵੱਸ ਕਰਮ-ਕਾਂਡਾਂ ਦੇ ਜਾਲ ਵਿਚ ਫਸੇ ਹੋਏ ਸਨ। ਚਰਿਤਰ ਵਿਚ ਉੱਚਤਾ ਸੁੱਚਤਾ ਤਾਂ ਹੀ ਆ ਸਕਦੀ ਹੈ ਜੇਕਰ ਪਰੇਮਾ ਭਗਤੀ ਦੁਆਰਾ ਸ਼ੁਭ ਅਮਲ ਕਰ ਕੇ ਸਚਿਆਰ ਬਣਿਆ ਜਾਵੇ। ਇਹ ਮਨੁੱਖੀ ਚੇਤਨਾ ਦੇ ਅੰਦੂਰਨੀ ਵਿਕਾਸ ਦਾ ਅਨੁਭਵੀ ਅਮਲ ਹੈ। ਬਾਹਰੀ ਭੇਖ ਦੁਆਰਾ ਇਸ ਨੂੰ ਹਾਸਿਲ ਨਹੀਂ ਕੀਤਾ ਜਾ ਸਕਦਾ। ਸੋ ਮਨੁੱਖੀ ਚੇਤਨਾ ਨੂੰ ਬਲਵਾਨ ਬਣਾਉਣ ਅਤੇ ਇਸ ਵਿਚ ਨਿਖਾਰ ਲਿਆਉਣ ਹਿਤ ਗੁਰੂ ਗੋਬਿੰਦ ਸਿੰਘ ਨੇ ਬਾਹਰੀ ਦਿਖਾਵੇ ਦੀ ਭਗਤੀ ਦੇ ਸਭ ਰੂਪਾਂ ਦਾ ਖੰਡਣ ਕੀਤਾ:

*ਫੋਕਟ ਧਰਮ ਭਯੋ ਫਲ ਹੀਨ*
*ਜੁ ਪੂਜ ਸਿਲਾ ਜੁਗ ਕੋਟਿ ਗਵਾਈ॥*

*(ਸ੍ਰੀ ਮੁਖ ਵਾਕ ਪਾਤਸ਼ਾਹੀ ੧੦, ਸ੍ਵੈਯੇ ੨੦)*

*ਨ੍ਹਾਤ ਫਿਰਿਓ ਲੀਏ ਸਾਤ ਸਮੁੰਦ੍ਰਨ,*
*ਲੋਕ ਗਇਓ ਪਰਲੋਕ ਗਵਾਇਓ॥*

*(ਅਕਾਲ ਉਸਤਤਿ, ਤ੍ਵ ਪ੍ਰਸਾਦਿ ਸ੍ਵੈਯੇ ੨੯)*

*ਤੀਰਥ ਕੋਟ ਕੀਏ ਇਸਨਾਨ*
*ਦੀਏ ਬਹੁ ਦਾਨ ਮਹਾਂ ਬ੍ਰਤ ਧਾਰੇ॥*

*(ਉਹੀ, ਤ੍ਵ ਪ੍ਰਸਾਦਿ ਸ੍ਵੈਯੇ ੨੫੨)*

ਗੁਰੂ ਗੋਬਿੰਦ ਸਿੰਘ ਜੀ ਨੇ ਪਾਖੰਡ ਭਗਤੀ ਦਾ ਜ਼ੋਰਦਾਰ ਵਿਰੋਧ ਕੀਤਾ ਤੇ ਪ੍ਰਭੂ ਦੇ ਲੜ ਲੱਗਣ ਦਾ ਉਪਦੇਸ਼ ਦਿੱਤਾ:

*ਕੇਵਲ ਏਕ ਸਰਣਿ ਸੁਆਮੀ ਬਿਨ*
*ਯੋ ਨਹਿ ਕਤਹਿ ਉਧਾਰ॥*

*(ਅਕਾਲ ਉਸਤਤਿ ਤ੍ਵ ਪ੍ਰਸਾਦਿ ੧੧੫-੬੧੧)*

ਗੁਰੂ ਗੋਬਿੰਦ ਸਿੰਘ ਜੀ ਨੇ ਭਾਰਤੀ ਧਰਮ ਦਰਸ਼ਨ ਅਤੇ ਭਾਰਤੀ ਪਰੰਪਰਾ ਦਾ ਬਹੁਤ ਗਹੁ ਨਾਲ ਅਧਿਐਨ ਕੀਤਾ ਤੇ ਲੋਕਾਂ ਨੂੰ ਸਾਹਸਪੂਰਨ ਅਤੇ ਅਰਥਪੂਰਨ ਜੀਵਨ ਸੇਧ ਦੇਣ ਲਈ ਭਾਰਤੀ ਕਦਰਾਂ-ਕੀਮਤਾਂ ਨੂੰ ਨਵੀਂ ਪਰਿਭਾਸ਼ਾ ਦਿੱਤੀ। ਇਸ ਮੰਤਵ ਦੀ ਪੂਰਤੀ ਕਾਰਨ ਸਮਾਜਿਕ ਕ੍ਰਾਂਤੀ ਲਿਆਉਣੀ ਜ਼ਰੂਰੀ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਜਿਥੇ ਚਾਰ ਬ੍ਰਾਹਮਣੀ ਵਰਣਾਂ ਦਾ ਖੰਡਨ ਕੀਤਾ ਉਥੇ ਸੰਨਿਆਸ ਆਸ਼ਰਮ ਨੂੰ ਵੀ ਨਵੇਂ ਅਰਥ ਦਿੱਤੇ।

*ਰੇ ਮਨ, ਐਸੋ ਕਰ ਸੰਨਿਆਸਾ॥*
*ਬਨ ਸੇ ਸਦਨ ਸਭੈ ਕਰਿ ਸਮਝਹੁ*
*ਮਨਹੀ ਮਾਹਿ ਉਦਾਸਾ॥੧॥ਰਹਾਉ॥*
*ਜਤ ਕੀ ਜਟਾ ਜੋਗ ਕਾ ਮਜਨੁ*
*ਨੇਮ ਕੇ ਨਖਨ ਬਢਾਓ॥*
*ਗਿਆਨ ਗੁਰੂ ਆਤਮ ਉਪਦੇਸਹੁ*
*ਨਾਮ ਬਿਭੂਤ ਲਗਾਓ॥੧॥*
*ਅਲਪ ਅਹਾਰ ਸੁਲਪ ਸੀ ਨਿੰਦ੍ਰਾ*
*ਦਯਾ ਛਿਮਾ ਤਨ ਪ੍ਰੀਤਿ॥*
*ਸੀਲ ਸੰਤੋਖ ਸਦਾ ਨਿਰਬਾਹਿਬੋ*
*ਹ੍ਵੈਬੋ ਤ੍ਰਿਗੁਣ ਅਤੀਤਿ॥੨॥*
*ਕਾਮ ਕ੍ਰੋਧ ਹੰਕਾਰ ਲੋਭ ਹਠ*
*ਮੋਹ ਨ ਮਨ ਸਿਉ ਲਯਾਵੈ*
*ਤਬ ਹੀ ਆਤਮ ਤਾ ਕੋ ਦਰਸੈ*
*ਪਰਮ ਪੁਰਖੁ ਕਹ ਪਾਵੈ॥*

*(ਸ਼ਬਦ ਪਾਤਸ਼ਾਹੀ ੧੦)*

ਗੁਰੂ ਸਾਹਿਬ ਨੇ ਲੋਕਾਂ ਨੂੰ ਜੋ ਮੁਗਲ ਬਾਦਸ਼ਾਹਾਂ ਦੇ ਜ਼ੁਲਮ ਵੱਸ ਨਿਰਬਲ, ਨਿਤਾਣੇ ਅਤੇ ਲਾਚਾਰ ਹੋ ਕੇ ਮਿਰਤਕਾਂ ਵਰਗਾਂ ਜੀਵਨ ਜਿਉ ਰਹੇ ਸਨ, ਉਹਨਾਂ ਨੂੰ ਇਸ ਹਾਲਤ 'ਚੋਂ ਕੱਢਣ ਲਈ ਆਪਣੇ ਉਪਦੇਸ਼ ਨਾਲ ਹਲੂਣਿਆ। ਆਪ ਨੇ ਆਪਣੀ ਆਂਤਰਿਕ ਸੂਝ ਰਾਹੀਂ ਲੋਕਾਂ ਵਿਚ ਆਤਮ ਵਿਸ਼ਵਾਸ ਪੈਦਾ ਕਰਕੇ ਮਨੁੱਖੀ ਗੋਰਵ ਨੂੰ ਸੁਰਜੀਤ ਕਰਨ ਲਈ ਕਈ ਕਾਰਜ ਮਿਥੇ ਜਿਨ੍ਹਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਸੇਵਕਾਂ ਨੂੰ ਸੈਨਿਕ ਸਿਖਲਾਈ ਦੇਣੀ ਆਰੰਭ ਕੀਤੀ ਅਤੇ ਉਨ੍ਹਾਂ ਨੂੰ ਸ਼ਸਤਰ ਕਲਾ ਵਿਚ ਨਿਪੁੰਨ ਬਣਾਇਆ। ਬੀਰ ਰਸ ਪੈਦਾ ਕਰਨ ਲਈ ਉੱਚਤਮ ਕੋਟੀ ਦੀ ਕਾਵਿ ਰਚਨਾ ਕੀਤੀ। ਸ: ਪਿਆਰਾ ਸਿੰਘ ਪਦਮ ਅਨੁਸਾਰ, ਗੁਰੂ ਸਾਹਿਬ ਨੇ ਭਾਰਤ ਵਾਸੀਆਂ ਨੂੰ ਉਹਨਾਂ ਦੇ ਅਮੀਰ ਵਿਰਸੇ ਤੋਂ ਜਾਣੂ ਕਰਵਾਉਣ ਲਈ ਭਾਰਤੀ ਸੰਸਕ੍ਰਿਤੀ ਨਾਲ ਸੰਬੰਧਿਤ ਕਈ ਪ੍ਰਾਚੀਨ ਗ੍ਰੰਥਾਂ ਦਾ ਅਨੁਵਾਦ ਅਤੇ ਵਿਆਖਿਆ ਕਰਵਾਈ।


www.AKJ.Org

ਜਿਨ੍ਹਾਂ ਵਿਚੋਂ ਕਈ ਚੋਣਵੇਂ ਉਪਨਿਸ਼ਦ ਹਨ। ਮਹਾਂਭਾਰਤ ਦੇ ਕਈ ਪੁਰਬਾਂ ਦਾ ਛੰਦਬੱਧ ਅਨੁਵਾਦ ਅਤੇ ਕਈ ਹੋਰ ਦਾਰਸ਼ਨਿਕ ਤੇ ਧਾਰਮਿਕ ਗ੍ਰੰਥਾਂ ਦੇ ਉਲੱਥੇ ਕਰਵਾਏ। ਆਪ ਨੇ ਆਪਣੇ ਦਰਬਾਰ ਵਿਚ ੫੨ ਕਵੀ ਤੇ ਕਈ ਲਿਖਾਰੀ ਰੱਖੇ ਹੋਏ ਸਨ, ਪਰ ਇਹਨਾਂ ਸੰਬੰਧੀ ਪੂਰੀ ਜਾਣਕਾਰੀ ਉਪਲਬਧ ਨਹੀਂ। ਇਨ੍ਹਾਂ ਮਹਾਨ ਵਿਦਵਾਨਾਂ ਨੇ ਆਪਣੀਆਂ ਵਡਮੁੱਲੀਆਂ ਰਚਨਾਵਾਂ ਰਾਹੀਂ ਲੋਕਾਂ ਦੇ ਦਿਲਾਂ ਵਿਚ ਗਿਆਨ ਦੀ ਜੋਤਿ ਜਗਾਈ, ਉਨ੍ਹਾਂ ਦੀ ਵਿਚਾਰਧਾਰਾ ਵਿਚ ਸੱਜਰਾਪਣ ਲਿਆਂਦਾ। ਗੁਰੂ ਸਾਹਿਬ ਨੇ ਸਿੱਖ ਦੀ ਨਿੱਤ ਕਰਨੀ 'ਤੇ ਜ਼ੋਰ ਦਿੰਦਿਆਂ ਉਸ ਵਿਚੋਂ ਦਲਿੱਦਰ ਤੇ ਆਲਸ ਨੂੰ ਖ਼ਤਮ ਕਰਕੇ ਉੱਚੇ ਅਤੇ ਸੁੱਚੇ ਆਚਰਣ ਵਾਲਾ ਬਣਾਇਆ।

ਆਪ ਨੂੰ ਆਪਣੇ ਕਾਰਜਾਂ ਨੂੰ ਸੰਪੂਰਨ ਕਰਨ ਲਈ ਕੁੱਲ 42 ਸਾਲ ਦੀ ਆਯੂ ਵਿਚ ਬਹੁਤ ਸੰਘਰਸ਼ ਕਰਨਾ ਪਿਆ। ਆਪ ਨੇ ਦੇਸ਼ ਵਾਸੀਆਂ ਨੂੰ ਜਿਸਮਾਨੀ, ਰੂਹਾਨੀ, ਰਾਜਸੀ ਅਤੇ ਸਦਾਚਾਰਿਕ ਪੱਖੋਂ ਜਾਗਰਿਤ ਕੀਤਾ। ਆਪ ਦੀ ਹਰਮਨ ਪਿਆਰਤਾ ਈਰਖਾਲੂ ਪਹਾੜੀ ਹਿੰਦੂ ਰਾਜਿਆਂ ਤੋਂ ਬਰਦਾਸ਼ਤ ਨਹੀਂ ਹੋਈ। ਉਹ ਹਰ ਵਕਤ ਇਕੱਲੇ ਜਾਂ ਮੁਗਲਾਂ ਦੀ ਮਦਦ ਨਾਲ ਹਮਲੇ ਕਰਦੇ ਰਹੇ। ਸਿੱਟੇ ਵਜੋਂ ਸਿੱਖਾਂ ਨੂੰ ਗੁਰੂ ਸਾਹਿਬ ਦੀ ਅਗਵਾਈ ਵਿਚ ਕਈ ਜੰਗਾਂ ਲੜਨੀਆਂ ਪਈਆਂ। ਇਹਨਾਂ ਜੰਗਾਂ ਦਾ ਮਕਸਦ ਰਾਜ ਸੀਮਾਂ ਦਾ ਵਿਸਥਾਰ ਨਹੀਂ ਸੀ। ਨਾ ਹੀ ਇਹ ਕਿਸੇ ਦਵੈਤ ਭਾਵਨਾ ਅਧੀਨ ਲੜੀਆਂ ਗਈਆਂ। ਇਹ ਤਾਂ ਸਵੈ-ਰੱਖਿਆ, ਅਣਖ ਦੀ ਆਨ ਬਾਨ ਅਤੇ ਧਰਮ ਯੁੱਧ ਦੇ ਚਾਅ ਖਾਤਰ ਲੜੀਆਂ ਗਈਆਂ।

1699 ਈ: ਵਿਚ ਸਿੱਖ ਇਤਿਹਾਸ ਵਿਚ ਖਾਲਸਾ ਪੰਥ ਦੀ ਸਿਰਜਨਾ ਮਹੱਤਵਪੂਰਨ ਘਟਨਾ ਘਟੀ। ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਗੁਰੂ ਤੇਗ ਬਹਾਦਰ ਸਾਹਿਬ ਤੱਕ ਮਨੁੱਖੀ ਸ਼ਖ਼ਸੀਅਤ ਦੀ ਜੋ ਘਾੜਤ ਹੋਈ ਸੀ, ਉਸ ਨੂੰ ਖਾਲਸੇ ਦਾ ਰੂਪ ਦੇਣ ਲਈ ਅੰਮ੍ਰਿਤ ਸੰਚਾਰ ਦੀ ਬਖ਼ਸ਼ਿਸ਼ ਹੋਈ ਅਤੇ ਇਸ ਪ੍ਰਕਾਰ *'ਗੁਰ ਸੰਗਤ ਕੀਨੀ ਖਾਲਸਾ'* ਦਾ ਮਹਾਨ ਕਾਰਜ ਸੰਪੰਨ ਹੋਇਆ।

ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਵਿਚ ਵੀ ਸਾਨੂੰ ਮਹਾਨ ਤਿਆਗ ਦੀ ਪਰਿਭਾਸ਼ਾ ਮਿਲਦੀ ਹੈ, ਜਿਸ ਵਿਚ ਉਹਨਾਂ ਨੇ ਪ੍ਰਭੂ ਪ੍ਰੇਮ ਹਾਸਲ ਕਰਨ ਲਈ ਪ੍ਰੇਮੀ ਨੂੰ ਸੀਸ ਭੇਟ ਕਰਨ ਲਈ ਕਿਹਾ ਹੈ।

*"ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰ ਧਰੀਜੈ॥*
*ਸਿਰੁ ਦੀਜੈ ਕਾਣਿ ਨ ਕੀਜੈ॥"*

*(ਅੰਗ-੧੪੧੨)*

ਅਜਿਹੀਆਂ ਸਿਖਿਆਵਾਂ ਨੂੰ ਅਮਲੀ ਜਾਮਾ ਦੇਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿਚ ਭਾਰੀ ਇਕੱਠ ਕੀਤਾ ਅਤੇ ਸਿਦਕਵਾਨਾਂ ਦੀ ਪਰੀਖਿਆ ਲਈ ਕਿਉਂਕਿ:

*"ਝੜਿ ਝੜਿ ਪਵਦੇ ਕਚੇ ਬਿਰਹੀ*
*ਜਿਨ੍ਹਾ ਕਾਰਿ ਨ ਆਈ॥"*

*(ਅੰਗ-੧੪੨੫)*

ਗੁਰੂ ਗੋਬਿੰਦ ਸਿੰਘ ਜੀ ਨਿਰਾਲੇ ਜੋਸ਼ ਵਿਚ ਮੰਚ ਉੱਤੇ ਆਏ ਤੇ ਹੱਥ ਵਿਚ ਚੰਡੀ (ਸ੍ਰੀ ਸਾਹਿਬ) ਲਹਿਰਾ ਕੇ ਸੰਗਤ ਤੋਂ ਸੀਸ ਦੀ ਮੰਗ ਕੀਤੀ। ਕਮਜ਼ੋਰ ਦਹਿਲ ਗਏ ਪਰ ਸੱਚੇ ਆਸ਼ਕ ਮੈਦਾਨ ਵਿਚ ਉਤਰੇ ਤੇ ਗੁਰੂ ਨੂੰ ਸ਼ਰਧਾ ਸਹਿਤ ਆਪਣਾ ਸੀਸ ਭੇਟ ਕੀਤਾ।( *"ਸਤਿਗੁਰੁ ਮੇਰਾ ਮਾਰਿ ਜੀਵਾਲੇ"*) ਇਹਨਾਂ ਨੂੰ ਪੰਜ ਪਿਆਰਿਆਂ ਦੀ ਪਦਵੀ ਨਾਲ ਨਿਵਾਜਿਆ ਗਿਆ। ਇਹਨਾਂ ਨੂੰ ਇਕੋ ਬਾਟੇ ਵਿਚੋਂ ਅੰਮ੍ਰਿਤ ਛਕਾ ਕੇ ਊਚ ਨੀਚ ਅਤੇ ਜਾਤ-ਪਾਤ ਦੇ ਭੇਦ ਭਾਵ ਨੂੰ ਸਦਾ ਲਈ ਖਤਮ ਕਰ ਦਿੱਤਾ। ਫਿਰ ਗੁਰੂ ਸਾਹਿਬ ਨੇ ਆਪ ਇਹਨਾਂ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਹਾਸਲ ਕਰਕੇ ਗੁਰੂ ਚੇਲੇ ਦੇ ਭੇਦ ਨੂੰ ਵੀ ਖਤਮ ਕਰ ਦਿੱਤਾ।

ਗੁਰੂ ਅੱਗੇ ਆਤਮ ਸਮਰਪਣ ਦਾ ਇਹ ਅਦੁੱਤੀ ਚਮਤਕਾਰ ਮਨੁੱਖੀ ਸਖ਼ਸ਼ੀਅਤ ਦੀ ਨਵੀਂ ਘਾੜਤ ਸੀ, ਜਿਸ ਵਿਚ ਮੌਤ ਦਾ ਭੈ ਸਮਾਪਤ ਹੋ ਗਿਆ ਸੀ। ਸਵੈ-ਮਾਨ, ਜ਼ੁਲਮ ਤੇ ਜ਼ਾਲਮ ਨਾਲ ਟੱਕਰ ਲੈਣ ਦੀ ਭਾਵਨਾ ਪ੍ਰਬਲ ਹੋ ਉੱਠੀ ਸੀ। ਇਹ ਘਟਨਾ ਸੰਸਾਰ ਦੇ ਧਾਰਮਿਕ ਇਤਿਹਾਸ ਵਿਚ ਵਿਲੱਖਣ ਹੈ। ਸੰਸਾਰ ਵਿਚ ਅਜਿਹਾ ਕੋਈ ਪ੍ਰਮਾਣ ਨਹੀਂ ਕਿ ਤਲਵਾਰ ਦੀ ਧਾਰ ਵਿਚੋਂ ਕਿਸੇ ਕੌਮ ਦੀ ਸਿਰਜਨਾ ਕੀਤੀ ਗਈ ਹੋਵੇ। ਇਸ ਤਰ੍ਹਾਂ ਦੇ ਇਤਿਹਾਸ ਵਿਚ ਪੰਜ ਪਿਆਰਿਆਂ ਨੇ ਇਕ ਨਵਾਂ ਕ੍ਰਾਂਤੀਕਾਰੀ ਮੋੜ ਲਿਆਉਣ ਵਿਚ ਅਹਿਮ ਭੂਮਿਕਾ ਨਿਭਾਈ। ਇਕ ਨਵੇਂ ਰਾਸ਼ਟਰ ਨੂੰ ਸਿਰਜਣ ਵਿਚ ਜਿਥੇ *'ਮਾਣਸ ਕੀ ਜਾਤ ਸਭੈ ਏਕੋ ਪਹਿਚਾਨਬੋ'* ਦੀ ਭਾਵਨਾ ਬਣੀ



www.AKJ.Org

ਰਹੇ, ਆਪਣਾ ਅਦੁੱਤੀ ਯੋਗਦਾਨ ਪਾਇਆ। ਅਸਲ ਵਿਚ ਇਹ ਭਾਣਾ ਅਕਾਲ ਪੁਰਖ ਦੇ ਹੁਕਮ ਵਿਚ ਹੀ ਵਰਤਿਆ:

*ਖਾਲਸਾ ਅਕਾਲ ਪੁਰਖ ਕੀ ਫੌਜ,*
*ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥*

*(ਸਰਬ ਲੋਹ ਗ੍ਰੰਥ)*

ਪਰਮਾਤਮਾ ਦੇ ਹੁਕਮ ਅੰਦਰ ਹੀ ਇਕ ਨਵੇਂ ਯੁੱਗ ਦੀ ਸਿਰਜਨਾ ਹੋਈ। ਗੁਰੂ ਗੋਬਿੰਦ ਸਿੰਘ ਜੀ ਨੇ ਫੌਜ ਦੇ ਜਰਨੈਲ ਵਜੋਂ ਭੂਮਿਕਾ ਨਿਭਾਈ:

*ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜਸ਼ਤ॥*
*ਹਲਾਲ ਅਸਤ ਬੁਰਬਦ ਬ ਸ਼ਮਸ਼ੀਰ ਦਸਤ॥*

*(ਜ਼ਫਰਨਾਮਾ)*

ਦਰਅਸਲ ਖਾਲਸਾ ਗੁਰੂ ਨਾਨਕ ਦੇਵ ਜੀ ਦਾ ਹੀ ਸਚਿਆਰ ਪੁਰਸ਼ ਹੈ। ਉਹ ਨੈਤਿਕਤਾ ਵਿਚ ਪੂਰਨ, ਕਰਮਯੋਗੀ, ਬ੍ਰਹਮ ਗਿਆਨੀ, 'ਕਰਮ-ਖੰਡ' ਵਾਲਾ ਮਹਾਂਬਲੀ ਤੇ ਪਰਮਾਤਮਾ ਨਾਲ ਇਕਸੁਰ ਹੋਇਆ ਸੱਚਖੰਡ ਵਾਸੀ ਹੈ। ਇਸ ਦੇ ਬਾਹਰੀ ਰੂਪ ਦੀ ਸੱਜ-ਧੱਜ ਵਾਲਾ ਬਾਣਾ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਨਵੇਂ ਯੁੱਗ ਦੀ ਸਿਰਜਨਾ ਦੀ ਹੀ ਦੇਣ ਹੈ।

ਖ਼ਾਲਸੇ ਦੀ ਬੀਰਤਾ ਅਸੀਂ ਬਾਬਾ ਦੀਪ ਸਿੰਘ, ਭਾਈ ਮਨੀ ਸਿੰਘ, ਬੰਦਾ ਸਿੰਘ ਬਹਾਦਰ ਅਤੇ ਅਨੇਕਾਂ ਸਿੰਘਾਂ ਸਿੰਘਣੀਆਂ ਦੀ ਬਹਾਦਰੀ ਅਤੇ ਕੁਰਬਾਨੀ ਵਿਚ ਵੇਖ ਸਕਦੇ ਹਨ। ਜਿਹਨਾਂ ਨੇ ਆਰਿਆਂ ਨਾਲ ਸੀਸ ਕਟਵਾਏ, ਪੁੱਠੀਆਂ ਖੱਲਾਂ ਲੁਹਾਈਆਂ, ਸਵਾ ਸਵਾ ਮਣ ਪੀਸਣ ਪੀਸਿਆ ਪਰ ਸਿਦਕ ਨਹੀਂ ਹਾਰਿਆ। 'ਖਾਲਸਾ' ਅਜਿਹੇ ਮਰਜੀਵੜਿਆਂ ਦਾ ਹੀ ਨਾਂ ਹੈ। ਪ੍ਰੋ: ਪੂਰਨ ਸਿੰਘ ਦਾ ਕਥਨ 'ਮੌਤ ਨੂੰ ਮਖੌਲਾਂ ਕਰਨ ਮਰਨ ਥੀਂ ਨਾ ਡਰਦੇ' ਇਹਨਾਂ ਉੱਤੇ ਠੀਕ ਢੁੱਕਦਾ ਹੈ।

ਖ਼ਾਲਸੇ ਦੀ ਇਸ ਨਿਰਾਲੀ ਸ਼ਾਨ, ਉਸ ਦੇ ਜੰਗੀ ਹੁਨਰ ਤੇ ਉਸ ਦੇ ਚਰਿਤਰ ਦੀ ਮਹਿਮਾ ਕਰਨੋਂ ਤਾਂ ਦੁਸ਼ਮਨ ਵੀ ਨਾ ਰਹਿ ਸਕਿਆ। ਕਾਜ਼ੀ ਨੂਰ ਮੁਹੰਮਦ ਆਪਣੇ ਫ਼ਾਰਸੀ ਵਿਚ ਲਿਖੇ ਜੰਗਨਾਮੇ ਵਿਚ ਖਾਲਸੇ ਦਾ ਅਬਦਾਲੀ ਦੀ ਸੈਨਾ ਨਾਲ ਅੱਖੀਂ ਡਿੱਠਾ ਹਾਲ ਬਿਆਨ ਕਰਦਾ ਹੋਇਆ ਲਿਖਦਾ ਹੈ:

*"ਸਗਾਂ ਰਾ ਮਗੋ ਸਗ ਕਿ ਹਸਤੰਦ ਸ਼ੇਰ*
*ਬਮੈਦਾਨੇ ਮਰਦਾਂ ਚੂੰ ਸ਼ੇਰਾਂ ਦਲੇਰ॥"*

ਅਰਥਾਤ ਸਿੱਖਾਂ ਨੂੰ ਸਗ (ਕੁੱਤੇ) ਤੂੰ ਨਾ ਆਖ, ਇਹ ਸ਼ੇਰ ਰਣ-ਭੂਮੀ ਦੇ ਮਰਦ ਸ਼ੇਰਾਂ ਵਰਗੇ ਦਲੇਰ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਕੇਵਲ ਬੀਰ ਰਸ ਨਾਲ ਹੀ ਭਰਪੂਰ ਨਹੀਂ ਕੀਤਾ ਸਗੋਂ ਭਾਈ ਘਨੱਈਏ ਵਰਗੀ ਦਿਲ ਦੀ ਕੋਮਲਤਾ ਨਾਲ ਵੀ ਸਰਸਾਰ ਕੀਤਾ। ਆਪ ਨੇ ਇਸਤਰੀ ਵਿਚ ਚੰਡੀ ਵਰਗਾ ਜੋਸ਼ ਭਰ ਕੇ ਮਾਈ ਭਾਗੋ ਵਰਗੀਆਂ ਵੀਰਾਂਗਣਾਂ ਦੁਆਰਾ ਕੌਮ ਦੇ ਗੌਰਵ ਨੂੰ ਉੱਚਾ ਚੁੱਕਿਆ।

ਇਸ ਪਰਕਾਰ ਗੁਰੂ ਗੋਬਿੰਦ ਸਿੰਘ ਜੀ ਨੇ ਕੌਮ ਦੇ ਚਿਹਰੇ ਮੋਹਰੇ ਨੂੰ ਨਵੀਂ ਰੂਪ ਰੇਖਾਂ ਨਾਲ ਤਰਾਸ਼ਿਆ। ਬੀਰ ਰਸ ਤੇ ਪ੍ਰੇਮ ਰਸ ਦੇ ਰੰਗਾਂ ਨਾਲ ਸਜਾਇਆ। ਇਸ ਨਵੀਂ ਸਿਰਜਨਾ ਨੇ ਮੁਗਲ ਰਾਜ ਦੀਆਂ ਜੜ੍ਹਾਂ ਨੂੰ ਹਿਲਾ ਕੇ ਰੱਖ ਦਿੱਤਾ। ਗੁਰੂ ਸਾਹਿਬ ਦਾ 'ਜ਼ਫਰਨਾਮਾ' ਉਹਨਾਂ ਦੇ ਬੁਲੰਦ ਹੌਂਸਲੇ, ਨਿਡਰਤਾ, ਸ੍ਵੈਮਾਨ, ਅਣਖ ਤੇ ਦ੍ਰਿੜ੍ਹਤਾ ਦਾ ਪ੍ਰਮਾਣ ਹੈ।

ਸਾਂਈ ਬੁੱਲ੍ਹੇ ਸ਼ਾਹ ਨੇ ਠੀਕ ਹੀ ਕਿਹਾ ਹੈ:

*ਜਬ ਕੀ ਕਹੌਂ ਨ ਤਬ ਕੀ ਕਹਿ ਹੌਂ,*
*ਮੈਂ ਬਾਤ ਕਹੂੰਗਾ ਅਬ ਕੀ।*
*ਅਗਰ ਨ ਹੋਤੇ ਗੁਰੂ ਗੋਬਿੰਦ ਸਿੰਘ,*
*ਸੁੰਨਤ ਹੋਤੀ ਸਬ ਕੀ।*

ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਅਨੁਸਾਰ ਰਾਜਨੀਤੀ ਕਰਨੀ ਸਿਖਾਈ ਤੇ ਨਿੱਜੀ ਸੁਆਰਥਾਂ ਤੋਂ ਉੱਪਰ ਉੱਠ ਕੇ ਕੌਮ ਲਈ ਕੁਰਬਾਨੀ ਦੇ ਸੰਕਲਪ ਅਨੁਸਾਰ ਆਪ ਨੇ ਇਕ ਈਸ਼ਵਰੀ ਹੋਂਦ ਦੇ ਵਿਸ਼ਵਾਸ਼ ਨੂੰ ਦ੍ਰਿੜ੍ਹ ਕਰਵਾਉਂਦਿਆਂ ਦੂਜੇ ਧਰਮਾਂ ਪ੍ਰਤਿ ਦ੍ਵੈਤ ਤੇ ਦਵੈਖ ਨੂੰ ਖ਼ਤਮ ਕਰਨ ਦਾ ਸੰਦੇਸ਼ ਦਿੱਤਾ। ਮਾਣਸ ਕੀ ਜਾਤਿ ਦੀ ਬਰਾਬਰੀ ਦ੍ਰਿੜ੍ਹਾਉਂਦਿਆਂ ਭਰਾਤਰੀ ਭਾਵ, ਸਾਂਝੀਵਾਲਤਾ ਦਾ ਸਬਕ ਪੱਕਾ ਕੀਤਾ ਤੇ ਲੋਕਾਂ ਨੂੰ ਲੋਕਤੰਤਰੀ ਕੀਮਤਾਂ ਪ੍ਰਤਿ ਸੁਚੇਤ ਕੀਤਾ। ਮਨੁੱਖ ਦੀ ਸੋਚ ਨੂੰ ਧਾਰਮਿਕ ਸੰਕੀਰਣਤਾ 'ਚੋਂ ਕੱਢ ਕੇ ਉਸ ਵਿਚ ਵਿਸ਼ਵ ਚੇਤਨਾ ਦਾ ਸੰਚਾਰ ਕੀਤਾ। ਆਪ ਨੇ ਸਭ ਧਰਮਾਂ ਦਾ ਸਤਿਕਾਰ ਕਰਦਿਆਂ ਉਨ੍ਹਾਂ ਦੇ ਦਿਖਦੇ ਵਖਰੇਵਿਆਂ ਪਿੱਛੇ ਇਕੋ ਪਰਮ-ਸੱਤਾ ਦਾ ਅਹਿਸਾਸ ਕਰਵਾਉਂਦਿਆਂ ਫੁਰਮਾਇਆ ਹੈ:

*ਹਿੰਦੂ ਤੁਰਕ ਕੋਊ, ਰਾਫਿਜੀ ਇਮਾਮ ਸ਼ਾਫੀ;*
*ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ॥*



www.AKJ.Org

# ਚੋਂਦਾ ਲਹੂ ਪਏ ਵੇਖਣ ਕਿਰਪਾਨ ਵਿਚੋਂ

ਬੈਠੇ ਬੈਠਿਆ ਪਤਾ ਨਹੀਂ ਸੋਚ ਕੇ ਕੀ,
ਉੱਠੇ ਸ਼ਹਿਨਸ਼ਾਹ ਭਰੇ ਦੀਵਾਨ ਵਿਚੋਂ।
ਮੂੰਹੋਂ ਬੋਲ ਅਕਾਲ ਦਾ ਬੋਲ ਉੱਚੀ,
ਚੰਡੀ ਖਿੱਚ ਕੇ ਕਿਹਾ ਮਿਆਨ ਵਿਚੋਂ।
ਮੇਰੀ ਤੇਗ ਅੱਜ ਸੀਸ ਇਕ ਮੰਗਦੀ ਹੈ,
ਕਰੋ ਭੇਂਟ! ਕੋਈ ਬੋਲੇ ਜ਼ੁਬਾਨ ਵਿਚੋਂ।
ਦਇਆ ਰਾਮ ਨੇ ਕਿਹਾ ਦਲੇਰ ਹੋ ਕੇ,
ਅਮਰ ਕਰ ਦਿਉ ਮੈਨੂੰ ਜਹਾਨ ਵਿਚੋਂ।
ਹਾਜ਼ਰ ਮੈਂ ਹਾਂ ਜਾਨ ਕੁਰਬਾਨ ਮੇਰੀ,
ਨਿਕਲਣ ਜਦੋਂ ਵੀ ਇਹ ਮੇਰੇ ਪ੍ਰਾਨ ਵਿਚੋਂ।
ਤੇਰੀ ਤੇਗ ਦਾ ਰੰਗ ਨਾ ਨਜ਼ਰ ਆਵੇ,
ਚੋਂਦਾ ਲਹੂ ਪਏ ਵੇਖਣ ਕਿਰਪਾਨ ਵਿਚੋਂ।

ਦਇਆ ਰਾਮ ਨੂੰ ਲੈ ਕੇ ਹਜ਼ੂਰ ਤੁਰ ਪਏ,
ਤੰਬੂ ਵਿਚ ਜਾ ਉਹਨੂੰ ਖਲ੍ਹਾਰਿਆ ਹੈ।
ਕੀ ਤੂੰ ਚਾਹਨਾਂ ਏ ਦਿਲੋਂ ਕੁਰਬਾਨ ਹੋਣਾ,
ਜਾਂ ਕਿ ਫੋਕਾ ਇਰਾਦਾ ਹੀ ਧਾਰਿਆ ਹੈ।
ਨੀਵੀਂ ਪਾ ਕੇ ਸੇਵਕ ਨੇ ਕਿਹਾ ਅੱਗੋਂ,
ਆਪਾ ਜੀਹਨਾਂ ਵੀ ਤੇਰੇ ਤੋਂ ਵਾਰਿਆ ਹੈ।
ਮਰਿਆ ਨਹੀਂ ਉਹ ਹੋ ਗਿਆ ਅਮਰ ਸਤਿਗੁਰੂ,
ਤੇਰੀ ਤੇਗ ਨੇ ਜੀਹਨੂੰ ਵੀ ਮਾਰਿਆ ਹੈ।
ਏਨੀ ਸੁਣ ਕੜੱਕ ਦੀ 'ਵਾਜ ਆਈ,
ਬਿਜਲੀ ਕੜੱਕ ਜਿਉ ਗਿਰੀ ਅਸਮਾਨ ਵਿਚੋਂ।
ਨਿਕਲੇ ਬਾਹਰ ਹਜ਼ੂਰ ਤਾਂ ਦੰਗ ਲੋਕੀ,
ਚੋਂਦਾ ਲਹੂ ਪਏ ਵੇਖਣ ਕਿਰਪਾਨ ਵਿਚੋਂ।

ਦੂਜੀ ਵਾਰ ਹਜ਼ੂਰ ਨੇ ਕਿਹਾ ਆਕੇ,
ਮੇਰੀ ਤੇਗ ਦੀ ਬੁਝੀ ਨਹੀਂ ਪਿਆਸ ਹਾਲੇ।
ਮਹਿਲ ਜਿਹੜਾ ਉਸਾਰਨਾ ਸੋਚਿਆ ਮੈਂ,
ਉਸ ਲਈ ਸਿਰਾਂ ਦੀ ਚਾਹੀਦੀ ਰਾਸ ਹਾਲੇ।
ਧਰਮ ਦਾਸ ਨੇ ਆਖਿਆ ਦਾਸ ਹਾਜ਼ਰ,
ਸਤਿਗੁਰ ਕਰੋ ਪ੍ਰਵਾਨ ਇਹ ਦਾਸ ਹਾਲੇ।
ਤੇਰੀ ਤੇਗ ਦਾ ਰੂਪ ਸ਼ਿੰਗਾਰਨੇ ਲਈ,
ਬੜੇ ਮਿਲਣਗੇ ਸੂਹੇ ਲਿਬਾਸ ਹਾਲੇ।
ਦਇਆ ਰਾਮ ਦੇ ਵਾਂਗ ਹੀ ਇਹ ਸੇਵਕ,
ਪਾਸ ਹੋ ਗਿਆ ਏਸ ਇਮਤਿਹਾਨ ਵਿਚੋਂ।
ਵੇਖਣ ਆਏ ਵਿਸਾਖੀ ਦਾ ਘਰੋਂ ਮੇਲਾ,
ਚੋਂਦਾ ਲਹੂ ਪਏ ਵੇਖਣ ਕਿਰਪਾਨ ਵਿਚੋਂ।

ਹਿੰਮਤ, ਮੋਹਕਮ ਤੇ ਸਾਹਿਬ ਚੰਦ ਇਸ ਤਰ੍ਹਾਂ ਹੀ,
ਚੰਨ ਨਿਕਲੇ ਹੋਰ ਅਸਮਾਨ ਵਿਚੋਂ।
ਵਾਰੋ ਵਾਰ ਜੋ ਸਿਰਾਂ ਦੀ ਭੇਟ ਦੇ ਕੇ,
ਮੁਕਤ ਹੋਏ ਇਸ ਫਾਨੀ ਜਹਾਨ ਵਿਚੋਂ।
ਕੁਣਕਾ ਛਕਣ ਵਾਲੇ ਏਦਾਂ ਤੀਰ ਹੋਏ,
ਤੀਰ ਨਿਕਲਦੇ ਜਿਵੇਂ ਕਮਾਨ ਵਿਚੋਂ।
ਰਾਖਾ ਧਰਮ ਦਾ ਆਖਣ ਜਲਾਦ ਬਣਿਆ,
ਬੋਲ ਬੋਲਣ ਕਈ ਏਦਾਂ ਜ਼ਬਾਨ ਵਿਚੋਂ।
ਜਾ ਕੇ ਮਾਤਾ ਨੂੰ ਕਿਸੇ ਨੇ ਖ਼ਬਰ ਦਿੱਤੀ,
ਝਾਕੀ ਵੇਖ ਇਹ ਅਜਬ ਦੀਵਾਨ ਵਿਚੋਂ।
ਕੇਸਗੜ੍ਹ ਅੱਜ ਹੋਏ ਹੈਰਾਨ ਸਾਰੇ,
ਚੋਂਦਾ ਲਹੂ ਪਏ ਵੇਖਣ ਕਿਰਪਾਨ ਵਿਚੋਂ।

ਲੋਕਾਂ ਸਮਝਿਆ ਮਾਰਕੇ ਏਨ੍ਹਾਂ ਤਾਂਈ,
ਫਟਾ ਫਟ ਫਿਰ ਸੰਗਤ 'ਚ ਆਊ ਗੋਬਿੰਦ।
ਵਾਰੋ ਵਾਰ ਅੱਜ ਇਸ ਤਰ੍ਹਾਂ ਸਾਰਿਆਂ ਨੂੰ,
ਆਪਣੀ ਤੇਗ ਦੇ ਨਾਲ ਝਟਕਾਊ ਗੋਬਿੰਦ।
ਪੇਸ਼ ਕਰੂ ਨਾ ਆਪਣਾ ਆਪ ਜਿਹੜਾ,
ਉਹਨੂੰ ਜ਼ਬਰਦਸਤੀ ਫੜ ਲੈ ਜਾਊ ਗੋਬਿੰਦ।
ਤੰਬੂ ਵੰਨੀ ਕਨੱਖੀਆਂ ਝਾਕ ਆਖਣ,
ਖ਼ਬਰੇ ਅੱਜ ਕੀ ਕੌਤਕ ਵਿਖਾਊ ਗੋਬਿੰਦ।
ਐਪਰ ਔਹ ਕੀ! ਨਵੇਂ ਹੀ ਰੂਪ ਅੰਦਰ,
ਬਾਹਰ ਆਉਂਦੇ ਨੇ ਪੰਜੇ ਜਵਾਨ ਵਿਚੋਂ।
ਫੱਟ ਕਿਸੇ ਤੇ ਲੱਗੇ ਨਹੀਂ ਨਜ਼ਰ ਆਉਂਦੇ,
ਚੋਂਦਾ ਲਹੂ ਪਏ ਵੇਖਣ ਕਿਰਪਾਨ ਵਿਚੋਂ।

ਸੰਗਤ ਸਾਹਮਣੇ ਪੰਜਾਂ ਨੂੰ ਪੇਸ਼ ਕਰਕੇ,
ਹਰ ਇਕ ਤਾਂਈ ਸੀ ਪਿਆਰੇ ਦਾ ਨਾਮ ਦਿੱਤਾ।
ਸੁੰਦਰ ਨਵੇਂ ਪੁਸ਼ਾਕੇ ਪਵਾ ਸਭ ਨੂੰ,
ਅੱਜ ਤੋਂ ਸਿੰਘ ਦਾ ਗਿਆਂ ਉਪਨਾਮ ਦਿੱਤਾ।
ਸਾਰੀ ਸੰਗਤ ਵਿਚ ਅੰਮ੍ਰਿਤ ਤਿਆਰ ਕਰਕੇ,
ਇਕੋ ਬਾਟੇ 'ਚੋਂ ਹਰ ਇਕ ਨੂੰ ਜਾਮ ਦਿੱਤਾ।
ਫੇਰ ਉਹਨਾਂ ਪਾਸੋਂ ਛਕਿਆ ਆਪ ਅੰਮ੍ਰਿਤ,
ਮੇਟ ਜਾਤ ਦਾ ਭੇਦ ਤਮਾਮ ਦਿੱਤਾ।
ਊਚ ਨੀਚ ਦਾ ਵਿਤਕਰਾ ਖਤਮ ਕਰਕੇ,
ਮੇਟੀ ਦੂਈ ਦਵੈਤ ਜਹਾਨ ਵਿਚੋਂ।
ਆਪੇ ਗੁਰੂ ਤੇ ਆਪੇ ਹੀ ਬਣ ਚੇਲਾ,
ਚੋਂਦ ਲਹੂ ਪਏ ਵੇਖਣ ਕਿਰਪਾਨ ਵਿਚੋਂ।

ਕੀਤੀ ਇਸ ਤਰ੍ਹਾਂ ਨਵੀਂ ਇਕ ਕੌਮ ਪੈਦਾ,
ਵੱਖੋ ਵੱਖਰੇ ਕਰਦਿਆਂ ਧੰਦਿਆਂ ਤੋਂ।
ਮਾਲਾ ਦਿਤੀ ਪਰੋ ਇਕ ਹੀਰਿਆਂ ਦੀ,
ਅਡੋ ਪਾਟ ਦੇ ਜਾਤ ਦੇ ਬੰਦਿਆਂ ਤੋਂ।
ਖੋਪਰ ਸਿਰਾਂ ਦੇ ਕਾਸੇ ਬਣਾਉਣਗੇ ਇਹ,
ਉਠਦੇ ਕਦੇ ਨਹੀਂ ਸੀ ਜਿਹੜੇ ਹੰਦਿਆਂ ਤੋਂ।
ਹਰ ਹਰ ਕਰਨ ਵਾਲੇ ਦਿਨੇ ਡਰਨ ਵਾਲੇ,
ਹੁਣ ਨਹੀਂ ਡਰਨਗੇ ਆਰੇ ਦੇ ਦੰਦਿਆਂ ਤੋਂ।
ਜਿਥੇ ਜ਼ੁਲਮ ਹੋਸੀ ਉਥੇ ਡਟਣਗੇ ਇਹ,
ਪਾਸ ਹੋਣਗੇ ਹਰ ਇਮਤਿਹਾਨ ਵਿਚੋਂ।
'ਨੂਰੀ' ਧਰਤ ਅਸਮਾਨ ਹੈਰਾਨ ਹੋਕੇ,
ਚੋਂਦਾ ਲਹੂ ਪਏ ਵੇਖਣ ਕਿਰਪਾਨ ਵਿਚੋਂ।

–ਅਨੂਪ ਸਿੰਘ 'ਨੂਰੀ'



www.AKJ.Org

# ਸਲਾਨਾ ਅਖੰਡ ਕੀਰਤਨ ਸਮਾਗਮ ਸਰੀ, ਬੀ.ਸੀ. ਕੈਨੇਡਾ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਲਿਖਤ ਅਨੁਸਾਰ 'ਕੀਰਤਨ ਕਲਜੁਗ ਦੀ ਸਮਾਧੀ ਹੈ। ਚੰਚਲ ਮਨ ਜੇ ਕਿਸੇ ਬਿਧਿ ਭੀ ਵਸਗਤਿ ਨਾ ਆਵੇ ਤਾਂ ਕੀਰਤਨ ਦੀ ਆਕਰਖਣ ਕਲਾ ਦੁਆਰਾ ਅਵੱਸ਼ ਸਥਿਰ ਹੋ ਜਾਂਦਾ ਹੈ। ਕੀਰਤਨ ਮੰਡਲ ਵਿਚ ਪ੍ਰੇਮੀਆ ਦੇ ਪਰਸਪਰ ਜੁੜ ਬੈਠਣ ਦਾ ਸਮਾਗਮ ਜਦ ਕਦੇ ਭੀ ਗੁਰੂ ਪ੍ਰੇਰਨਾ ਅਨੁਸਾਰ ਬੱਝਦਾ ਹੈ, ਉਸ ਦਾ ਵਰਨਣ ਹੋਣਾ ਅਤੀਅੰਤ ਅਲੌਕਿਕ ਗੱਲ ਹੈ। ਪ੍ਰੇਮ ਮਾਰਗ ਦੇ ਪਾਂਧੀਆਂ ਦੇ ਪਰਸਪਰ ਮਿਲ ਬੈਠਣ ਦੇ ਪ੍ਰੇਮ ਸਮਾਗਮਾਂ ਅੰਦਰ ਜੈਸੀ ਜੁੜਵੀ ਸਿੱਖ 'ਇਕ ਪਿਆਰੇ' ਦੇ ਮਿਲਣ ਦੀ ਹੁੰਦੀ ਹੈ ਤੈਸੀ ਹੀ ਬਿਰੋਹ-ਬੈਰਾਗੀਆਂ ਦੇ ਪਰਸਪਰ ਬਹੁੜ ਮਿਲ ਬੈਠਣ ਤੇ ਗਲ ਮਿਲਣ ਦੀ ਤਾਂਘ ਹੁੰਦੀ ਹੈ। ਇਹਨਾਂ ਅਗੰਮੀ ਤਰੰਗਾਂ ਤੇ ਹੁਲਾਰਿਆਂ ਦਾ ਅਨੰਦ ਮਾਨਣ ਵਾਸਤੇ ਸਰੀ-ਵੈਨਕੂਵਰ ਦੇ ਇਲਾਕੇ ਵਿਖੇ **9** ਮਈ ਤੋਂ **19** ਮਈ ਤਕ ਅਦੁਤੀ ਅਖੰਡ ਕੀਰਤਨ ਸਮਾਗਮ ਹੇਠ ਲਿਖੇ ਅਨੁਸਾਰ ਨਿਸ਼ਚਿਤ ਕੀਤੇ ਗਏ ਹਨ। ਆਪ ਜੀ ਸਭ ਸੰਗਤਾਂ ਦੀਦਾਰੇ ਅਤੇ ਚਰਨ ਧੂੜੀ ਬਖ਼ਸ਼ ਕੇ ਕਿਰਤਾਰਥ ਕਰੋ ਜੀ।

| | | |
|---|---|---|
| 9 ਮਈ ਤੋਂ 11 ਮਈ ਤਕ | ਸ੍ਰੀ ਅਖੰਡ ਪਾਠ ਸਾਹਿਬ | 6944-124 St. ਭਾਈ ਕੁਲਵਿੰਦਰ ਸਿੰਘ |
| 11 ਮਈ 2002 ਸ਼ਾਮ | ਰੈਣ ਸਬਾਈ ਕੀਰਤਨ | ਗੁਰਦੁਆਰਾ ਦਸਮੇਸ਼ ਦਰਬਾਰ ਸਰੀ |
| 12 ਮਈ 2002 ਸਵੇਰ | ਆਸਾ ਦੀ ਵਾਰ | ਖ਼ਾਲਸਾ ਸਕੂਲ ਸਰੀ |
| 12 ਮਈ 2002 ਸ਼ਾਮ | ਅਖੰਡ ਕੀਰਤਨ | ਗੁਰਦੁਆਰਾ ਸੁਖ ਸਾਗਰ, ਨਿਊ ਵੈਸਟਮਿਨਸਟਰ |
| 13 ਮਈ 2002 ਸ਼ਾਮ | ਅਖੰਡ ਕੀਰਤਨ | ਗੁਰਦੁਆਰਾ ਕਲਗੀਧਰ ਦਰਬਾਰ, ਐਬਸਫੋਰਡ |
| 14 ਮਈ 2002 ਸ਼ਾਮ | ਅਖੰਡ ਕੀਰਤਨ | ਗੁਰਦੁਆਰਾ ਕੈਨੇਡੀਅਨ ਸਿੰਘ ਸਭਾ, ਸਰੀ |
| 15 ਮਈ 2002 ਸ਼ਾਮ | ਅਖੰਡ ਕੀਰਤਨ | ਗੁਰਦੁਆਰਾ ਸੁਖ ਸਾਗਰ, ਨਿਊ ਵੈਸਟਮਿਨਸਟਰ |
| 16 ਮਈ 2002 ਸ਼ਾਮ | ਅਖੰਡ ਕੀਰਤਨ | ਗੁਰਦੁਆਰਾ ਖਾਲਸਾ ਦਰਬਾਰ ਵੈਨਕੂਵਰ |
| 17 ਮਈ 2002 ਸ਼ਾਮ | ਅਖੰਡ ਕੀਰਤਨ | ਖਾਲਸਾ ਸਕੂਲ ਸਰੀ |
| 18 ਮਈ 2002 ਸ਼ਾਮ | ਅੰਮ੍ਰਿਤ ਸੰਚਾਰ ਤੇ<br>ਰੈਣ ਸਬਾਈ ਕੀਰਤਨ | ਖਾਲਸਾ ਸਕੂਲ ਸਰੀ |

ਸੰਗਤਾਂ ਦੇ ਦਰਸ਼ਨ ਅਭਿਲਾਖੀ

**ਅਖੰਡ ਕੀਰਤਨੀ ਜਥਾ**

**ਸਰੀ ਵੈਨਕੂਵਰ**



www.AKJ.Org

# ਰਿਸ਼ਤੇ-ਨਾਤੇ

1. ਗੁਰਸਿੱਖ ਕੇਸਕੀਧਾਰੀ ਬੀਬੀ ਉਮਰ 20 ਸਾਲ, (ਜੱਟ ਸਿੱਖ) ਬੀ.ਏ. ਕਰ ਰਹੀ ਹੈ। ਦੋ ਸਾਲਾ ਮਿਸ਼ਨਰੀ ਕੋਰਸ ਪਾਸ, ਕੱਦ 5 ਫੁਟ 3 ਇੰਚ, ਲਈ ਯੋਗ ਗੁਰਸਿੱਖ ਵਰ ਦੀ ਲੋੜ ਹੈ।
2. ਗੁਰਸਿੱਖ ਕੇਸਕੀਧਾਰੀ ਬੀਬੀ (ਜੱਟ ਸਿੱਖ) 10+2. ਲਈ ਯੋਗ ਗੁਰਸਿੱਖ ਵਰ ਦੀ ਲੋੜ ਹੈ।
3. ਗੁਰਸਿੱਖ ਅੰਮ੍ਰਿਤਧਾਰੀ (ੜਏਗ) B.D.S, (ਰਾਮਗੜ੍ਹੀਆ) ਉਮਰ 30 ਸਾਲ, ਆਪਣੀ ਕਲੀਨਕ ਲਈ M.B.B.S. ਜਾਂ B.D.S. ਅੰਮ੍ਰਿਤਧਾਰੀ ਕੰਨਿਆ ਦੀ ਲੋੜ ਹੈ।
4. ਕੇਸਕੀਧਾਰੀ ਗੁਰਸਿੱਖ ਬੀਬੀ, ਉਮਰ 30 ਸਾਲ M.Sc. ਸਰਕਾਰੀ ਸਕੂਲ ਵਿਚ ਸਾਇੰਸ ਟੀਚਰ ਲਈ ਅੰਮ੍ਰਿਤਧਾਰੀ ਗੁਰਸਿੱਖ ਵਰ ਦੀ ਲੋੜ ਹੈ।
5. ਕੇਸਕੀਧਾਰੀ ਗੁਰਸਿੱਖ ਬੀਬੀ ਉਮਰ 23 ਸਾਲ M.Sc. ਲਈ ਗੁਰਸਿੱਖ ਅੰਮ੍ਰਿਤਧਾਰੀ ਵਰ ਦੀ ਲੋੜ ਹੈ।

ਨੋਟ:- ਇਹ ਰਿਸ਼ਤੇ ਸਿਰਫ਼ ਅੰਮ੍ਰਿਤਧਾਰੀ ਸਿੱਖ ਬੱਚਿਆਂ ਲਈ ਹਨ। ਪੱਤਰ ਵਿਹਾਰ ਵਾਸਤੇ ਸੀਰੀਅਲ ਨੰਬਰ ਦੇ ਕੇ "ਮੈਨੇਜਰ 'ਸੂਰਾ' ਮਾਸਿਕ ਪੱਤਰ, ਸ਼ਹੀਦ ਗੰਜ ਖ਼ਾਲਸਾ ਮੈਮੋਰੀਅਲ ਸਕੂਲ, ਬੀ-ਬਲਾਕ, ਰੇਲਵੇ ਕਲੋਨੀ, ਅੰਮ੍ਰਿਤਸਰ' ਨਾਲ ਸੰਪਰਕ ਕੀਤਾ ਜਾਵੇ।

## ਤਵੀ ਤੋਂ ਤਲਵਾਰ ਦਾ ਸਫ਼ਰ

ਆਉ! ਕਿਸੇ ਦੇ ਕੰਮ ਆ ਕੇ ਦੇਖੀਏ।
ਜ਼ਿੰਦਗੀ ਦਾ ਲੁਤਫ਼ ਉਠਾਕੇ ਦੇਖੀਏ।

ਤਵੀ ਤੋਂ ਤਲਵਾਰ ਦਾ ਸਫ਼ਰ ਕੀਤੈ ਜਿਨ੍ਹਾਂ,
ਉਨ੍ਹਾਂ ਨੂੰ ਕੋਈ, ਸਵਾਲ ਪਾ ਕੇ ਦੇਖੀਏ।

ਕੀ ਨਸ਼ਾ ਹੈ ਬੰਦ ਬੰਦ ਕਟਵਾਉਣ ਵਿਚ,
ਏਸ ਨੂੰ ਆਉ! ਅਜ਼ਮਾ ਕੇ ਦੇਖੀਏ।

ਧਰਮ ਨੂੰ ਫੀਮ, ਕਹਿੰਦੇ ਕਈ ਸਿਰਫਿਰੇ
ਨਾਮ ਦਾਰੂ ਉਨ੍ਹਾਂ, ਪਿਲਾ ਕੇ ਦੇਖੀਏ।

ਜ਼ੁਲਮ ਕਰਨਾ, ਜ਼ੁਲਮ ਸਹਿਣਾ ਪਾਪ ਹੈ,
ਮੈਦਾਨ ਵਿਚ ਖੰਡਾ ਖੜਕਾਕੇ ਦੇਖੀਏ।

ਗੁਰਮੁਖ ਗਾਡੀ ਰਾਹ ਚਲਦੇ ਹਨ ਸਦਾ,
ਆਪਣੇ ਅੰਦਰ ਝਾਤ ਪਾਕੇ ਦੇਖੀਏ।

ਹਨੇਰਿਆਂ 'ਚ ਭਟਕਦੇ ਕਾਹਤੋਂ ਤੁਸੀਂ,
ਗਿਆਨ ਦਾ ਦੀਪਕ ਜਗਾਕੇ ਦੇਖੀਏ।

'ਤੇਗ' ਦਾ ਠਰਕ ਦੇਖੋ ਹੈ ਅਜੀਬ,
ਆਓ! ਚੁਆਤੀ ਅੱਜ ਲਾਕੇ ਦੇਖੀਏ।

*-ਤੇਗਬਹਾਦਰ ਸਿੰਘ 'ਤੇਗ'*

'ਸੂਰਾ' ਮਾਸਿਕ ਪੱਤਰ ਵਿਚ ਦਿੱਤੀ ਅਪੀਲ 'ਤੇ ਗੌਰ ਕਰਦਿਆਂ ਨਿਮਨ ਲਿਖਤ ਪਾਠਕਾਂ/ਵੀਰਾਂ ਨੇ ਮਦਦ ਭੇਜੀ ਹੈ। ਸੂਰਾ ਪਰਿਵਾਰ ਅੰਮ੍ਰਿਤਸਰ ਇਨ੍ਹਾਂ ਦਾ ਧੰਨਵਾਦ ਕਰਦਾ ਹੈ।

| | |
|---|---|
| 1. ਭਾਈ ਸਾਧੂ ਸਿੰਘ ਕੈਨੇਡਾ ਵਾਲੇ | 500 ਰੁ: |
| 2. ਭਾਈ ਜੋਗਾ ਸਿੰਘ ਜੀ | 500 ਰੁ: |
| 3. ਡਾ. ਦਲਬੀਰ ਸਿੰਘ ਜੀ, ਦਿੱਲੀ। | 500 ਰੁ: |
| 4. ਭਾਈ ਗਰੀਬ ਦਾਸ ਸਿੰਘ, ਸਰਹੰਦ। | 1212 ਰੁ: |
| 5. ਭਾਈ ਸੁਖਦੇਵ ਸਿੰਘ ਸੁਮਨ | 500 ਰੁ: |
| 6. ਭਾਈ ਦਰਸ਼ਨ ਸਿੰਘ ਜੀ ਸਿੰਘਾਪੁਰ | 500 ਰੁ: |
| 7. ਭਾਈ ਸਾਧੂ ਸਿੰਘ ਜੀ | 300 ਰੁ: |
| 8. ਗੁਪਤਦਾਨ | 1200 ਰੁ: |



www.AKJ.Org

ਸੂਰਾ ਵਾਸਤੇ ਚੰਦੇ ਤੇ ਹੋਰ ਰਕਮਾਂ ਹੇਠ ਲਿਖੀਆਂ ਥਾਵਾਂ 'ਤੇ ਜਮ੍ਹਾ ਕਰਵਾ ਕੇ ਰਸੀਦ ਲਓ ਜੀ!

# ਸ਼ਹੀਦ ਗੰਜ ਖ਼ਾਲਸਾ ਮੈਮੋਰੀਅਲ ਸਕੂਲ

ਹੈੱਡ ਕੁਆਰਟਰ, ਅਖੰਡ ਕੀਰਤਨੀ ਜਥਾ, ਰੇਲਵੇ ਕਲੋਨੀ, ਬੀ-ਬਲਾਕ, ਅੰਮ੍ਰਿਤਸਰ । ਫੋਨ: **0183-546320**

| | |
|---|---|
| ਅੰਮ੍ਰਿਤਸਰ | 1. ਭਾਈ ਗੁਰਦੇਵ ਸਿੰਘ ਪੁੱਤਰ ਸ. ਸਤਨਾਮ ਸਿੰਘ, ਮਕਾਨ ਨੰ: 850, ਗਲੀ ਨਿੱਜਰਾਂ ਵਾਲੀ, ਚੌਕ ਪਾਸੀਆ, ਅੰਮ੍ਰਿਤਸਰ।<br>2. ਭਾਈ ਮਨਿੰਦਰ ਸਿੰਘ ਪੁੱਤਰ ਸ. ਅਵਤਾਰ ਸਿੰਘ, ਮਕਾਨ ਨੰ: 808, ਨਿਊ ਨਾਮਦੇਵ ਕਲੋਨੀ, ਨੇੜੇ ਗਿੱਲ ਆਟਾ ਚੱਕੀ, ਸੁਲਤਾਨ ਵਿੰਡ ਰੋਡ, ਅੰਮ੍ਰਿਤਸਰ। ਫੋਨ: 490422. |
| ਲੁਧਿਆਣਾ: | 1. ਮੁੱਖ ਇੰਚਾਰਜ, ਭਾਈ ਅਜੀਤ ਸਿੰਘ, ਵਿਯੋਗੀ ਨਿਕੇਤਨ, ਗਲੀ ਨੰ: 7, ਫੀਲਡ ਗੰਜ, ਲੁਧਿਆਣਾ। ਫੋਨ: 0161: 662655<br>2. ਭਾਈ ਹਰਭਜਨ ਸਿੰਘ, ਸਿੱਖ ਬੁੱਕ ਸੈਂਟਰ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ-141002 |
| ਫਿਰੋਜ਼ਪੁਰ: | ਭਾਈ ਬਲਵਿੰਦਰ ਸਿੰਘ, ਹਾਤਾ ਨੰ: 48, ਬਾਜ਼ਾਰ ਨੰ: 1, ਫਿਰੋਜ਼ਪੁਰ ਛਾਉਣੀ। |
| ਖਰੜ-ਮੋਰਿੰਡਾ: | ਭਾ. ਗੁਰਚਰਨ ਸਿੰਘ, ਮਕਾਨ ਨੰ: 236, ਵਾਰਡ ਨੰ: 1, ਚੰਡੀਗੜ੍ਹ ਰੋਡ, ਖਰੜ। ਫੋਨ ਨੰ: 01888 46036 |
| ਜਲੰਧਰ: | ਮੁੱਖ ਇੰਚਾਰਜ, ਭਾਈ ਹਰਜੀਤ ਸਿੰਘ, ਬੈਂਕ ਆਫ਼ ਇੰਡੀਆ, ਸਤਲੁਜ ਮਾਰਕੀਟ, ਨੇੜੇ ਬੱਸ ਅੱਡਾ, ਜਲੰਧਰ ਸ਼ਹਿਰ। ਫੋਨ: 462065 (R), 235915 (O) |
| ਕਪੂਰਥਲਾ: | ਮੁੱਖ ਇੰਚਾਰਜ, ਬੀਬੀ ਜਸਵਿੰਦਰ ਕੌਰ, ਪਿੰਡ ਤੇ ਡਾਕ-ਧਾਲੀਵਾਲ ਬੇਟ, ਜਿਲ੍ਹਾ-ਕਪੂਰਥਲਾ। |
| ਮੁਕਤਸਰ: | ਮਾਸਟਰ ਮਹਿੰਦਰ ਸਿੰਘ ਜੀ, ਮੁੱਖ ਸੇਵਾਦਾਰ ਮੁਕਤਸਰ। ਸਰਕੂਲੇਸ਼ਨ ਇੰਚਾਰਜ ਮਾਲਵਾ ਜ਼ੋਨ। |
| ਪਠਾਨਕੋਟ: | ਭਾਈ ਹਰਭਜਨ ਸਿੰਘ ਜੀ, ਐਮ.ਈ.ਐਸ. ਪਠਾਨਕੋਟ, ਬੁਡੀਪਿੰਡ ਹੁਸ਼ਿਆਰਪੁਰ। |
| ਪਾਉਂਟਾ ਸਾਹਿਬ: | ਭਾਈ ਪਰਮਜੀਤ ਸਿੰਘ, ਗੁਰੂ ਰਾਖਾ ਇੰਟਰਪ੍ਰਾਈਜਿਜ਼, ਪਾਉਂਟਾ ਸਾਹਿਬ, ਹਿਮਾਚਲ ਪ੍ਰਦੇਸ। ਫੋਨ ਨੰ: 01704-22367 (R) 01704-24067 (O) |
| ਬਟਾਲਾ: | ਭਾਈ ਹਰਭਜਨ ਸਿੰਘ, ਖ਼ਾਲਸਾ ਲਾਇਬ੍ਰੇਰੀ ਬਟਾਲਾ, ਜਿਲ੍ਹਾ ਗੁਰਦਾਸਪੁਰ। |
| ਦਿੱਲੀ: | ਭਾਈ ਦਲਭੰਜਨ ਸਿੰਘ, ਸਰਕਲ ਇੰਚਾਰਜ, ਦਿੱਲੀ। |
| ਅੰਬਾਲਾ: | ਵੈਦ ਭਗਵਾਨ ਸਿੰਘ, ਮਿਲਕ ਪਲਾਂਟ ਦੇ ਪਿੱਛੇ, ਅੰਬਾਲਾ। |
| ਇਗਲੈਂਡ: | ਭਾਈ ਹਰਦੀਪ ਸਿੰਘ ਜੀ, 218 Wexhan Road, Slough Berks SL 25 JP Ph: 01753-530624 |
| ਅਮਰੀਕਾ: | ਭਾਈ ਜੀਵਨ ਸਿੰਘ ਜੀ ਗੁਰਦੀਪ ਸਿੰਘ ਜੀ, ਫੋਨ: 1800 722612 |
| ਆਸਟਰੇਲੀਆ: | ਭਾਈ ਪ੍ਰਸ਼ੋਤਮ ਸਿੰਘ ਜੀ ਫੋਨ: 0061-69634841 |
| ਨਿਊਜੀਲੈਂਡ: | ਬੀਬੀ ਜਗਦੀਸ਼ ਕੌਰ ਜੀ, 81B Victoria Road, Papa Toe Toe Auckland, Newzeeland |
| ਕੈਨੇਡਾ: | ਭਾਈ ਅੰਮ੍ਰਿਤਪਾਲ ਸਿੰਘ, 20 New Man Court, Brampton, Ontario L6S 5T1 |
| ਕੁਵੈਨਟਰੀ: | ਹੈੱਡ ਗ੍ਰੰਥੀ ਸ੍ਰੀ ਗੁਰੂ ਸਿੰਘ ਸਭਾ, ਸਰਕੂਲਰ ਰੋਡ, ਕੁਵੈਨਟਰੀ ਯੂ.ਕੇ. |



www.AKJ.Org



ਖ਼ਾਲਸਈ ਪਹਿਰਾਵੇ ਵਿਚ ਦੋ ਨੰਨ੍ਹੇ ਬੱਚੇ

www.AKJ.Org

R.N.I. No 12245/66 SURA March-April 2002 P.O. Regd. No PB/0226/2002

# ਸੂਰਾ

ਮਾਸਿਕ ਪੱਤਰ

**Sura Monthly**

March-April 2002



ਅਖੰਡ ਕੀਰਤਨੀ ਜਥੇ ਦੇ ਹੈੱਡਕੁਆਰਟਰ ਸ਼ਹੀਦ ਗੰਜ ਖ਼ਾਲਸਾ ਮੈਮੋਰੀਅਲ ਸਕੂਲ ਅੰਮ੍ਰਿਤਸਰ ਵਿਖੇ ਮੁਖੀ ਜਥੇਦਾਰ ਭਾਈ ਰਾਮ ਸਿੰਘ ਜੀ, ਡਿਪਟੀ ਮੁਖੀ ਭਾਈ ਬਲਦੇਵ ਸਿੰਘ ਜੀ, ਬੀਬੀ ਬਲਵੰਤ ਕੌਰ ਜੀ।

www.AKJ.Org